

# ਪੱਥਰ ਦਿਲ

ਪ੍ਰੀਤ ਸਿੰਘ ਭੈਣੀ

# ਪੱਥਰ ਦਿਲ

## ਪ੍ਰੀਤ ਸਿੰਘ ਭੈਣੀ

PREET SINGH BHAINI

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

**Pathar Dil**

**(Novel)**

**by**

**©Preet Singh Bhaini**

**Edition 1st – July (2022)**

**Price 340/-**

**©Preet Singh Bhaini**

**VPO Daulo Nangal, Beas**

**Tehsil Baba Bakala, Amritsar.**

**Punjab(India).**


**Pin : 143201, M. +91 9779324826**

**E-mail : preetsinghbhaini@gmail.com**

**Instagram : @preetsinghbhaini**

**Pulishedd by:**

**CaliberPublication Patiala.**



# ਸਮਰਪਿਤ

ਹਰ ਉਸ ਮਹਿਰੂਮ ਇਨਸਾਨ ਦੇ ਨਾਮ
ਜੋ ਇਸ਼ਕ ਵਿੱਚ ਐਸਿਆਂ ਸਵਾਲਾਂ ਨਾਲ ਉਲਝ ਜਾਂਦਾ ਏ
ਜਿਸ ਦੇ ਜਵਾਬ ਉਸ ਨੂੰ ਕਿਸੇ ਤੋਂ ਹਾਸਲ ਨਹੀਂ ਹੁੰਦੇ।

# ਭੂਮਿਕਾ

ਉਸਨੂੰ ਪੁੱਛਿਆ ਜਾਵੇ ਕਿ ਏਨੀ ਬੇ ਇਨਸਾਫ਼ੀ ਕਿਉਂ? ਸਾਡੀਆਂ ਭਾਵਨਾਵਾਂ ਨਾਲ ਇਹ ਖੇਡਾਂ ਕਿਉਂ? ਜੇ ਕਿਧਰੇ ਰੱਬ ਹੈਗਾ ਤਾਂ ਆ ਜੁਆਬ ਦੇਵੇ ਕਿ ਤੂੰ ਤਾਂ ਆਖਦਾ ਹਰ ਕੋਈ ਆਪਣੀ ਥਾਂ ਨਿਵੇਕਲਾ ਏ, ਪੂਰਾ ਏ, ਖ਼ੂਬਸੂਰਤ ਏ। ਤੂੰ ਕੋਈ ਕਮੀ ਨਹੀਂ ਰੱਖਦਾ ਕਿਸੇ ਵਿੱਚ ਵੀ। ਫਿਰ ਤੇਰਾ ਹੀ ਬਣਾਇਆ ਇਹ ਮਨੁੱਖ ਜਿਸਨੂੰ ਅਸੀਂ ਤੇਰੀ ਥਾਂ ਰੱਖ ਪੂਜਿਆ। ਜਿਸ ਨੂੰ ਅਸੀਂ ਮਹਿਬੂਬ ਆਖ ਆਪਣਾ ਇੱਕ ਅੰਗ ਬਣਾ ਲਿਆ। ਉਸ ਨੂੰ ਫਿਰ ਸਾਡੇ ਵਿੱਚ ਕਮੀਆਂ ਕਿਉਂ ਨਜਰ ਆਉਂਦੀਆਂ ਨੇ? ਕੀ ਤੂੰ ਕੋਈ ਕਮੀ ਰੱਖੀ ਏ ਜੋ ਤੇਰਾ ਹੀ ਅੰਸ਼ ਤੇਰੇ ਇਸ ਅੰਸ਼ ਵਿੱਚ ਕਮੀਆਂ ਲੱਭ-ਲੱਭ ਵੱਖ ਹੋ ਜਾਂਦਾ ਏ।

ਕਿੰਨੀ ਹੀ ਸ਼ਰਮਨਾਕ ਗੱਲ ਏ ਕਿ ਜਦੋਂ ਤੈਨੂੰ ਪਤਾ ਏ ਕਿ ਹਰ ਇੱਕ ਵਿੱਚ ਤੂੰ ਹੀ ਏ, ਫਿਰ ਵੀ ਆਪਣੇ ਆਪ ਨਾਲ ਤੂੰ ਧੱਕਾ ਕਰ ਰਿਆ ਏ। ਮੰਨਿਆ ਕਿ ਸਾਡੇ ਵੱਸ ਵਿੱਚ ਕੁਝ ਨਹੀਂ ਏ। ਪਰ ਤੇਰੇ ਵੱਸ ਵਿੱਚ ਤਾਂ ਸਭ ਹੈ। ਫਿਰ ਕਿਉਂ ਨਹੀਂ ਤੂੰ ਸਾਡਾ ਮੇਲ ਕਰਾ ਦੇਂਦਾ। ਸਾਨੂੰ ਦੱਸ ਤੇਰਾ ਘਾਟਾ ਕੀ ਏ ਇਸ ਵਿੱਚ? ਤੈਨੂੰ ਤਾਂ ਕੋਈ ਫਰਕ ਨਹੀਂ ਪੈਣਾ ਚਾਹੀਦਾ। ਜੇ ਤੂੰ ਸਾਡੇ ਲੇਖਾਂ ਵਿੱਚ ਕਿਸੇ ਨੂੰ ਲਿਖਿਆ ਹੀ ਏ ਤਾਂ ਫਿਰ ਇਹੀ ਦੇਦੇ ਜੋ ਸਾਨੂੰ ਚੰਗਾ ਲੱਗਦਾ। ਜਿਸਨੂੰ ਅਸੀਂ ਮੁਹੱਬਤ ਕਰਦੇ ਹਾਂ। ਤੇਰਾ ਕੋਈ ਨੁਕਸਾਨ ਥੋੜ੍ਹਾ ਏ ਇਸ ਵਿੱਚ। ਤੇਰੇ ਲਈ ਤਾਂ ਸਭ ਬਰਾਬਰ ਹੀ ਏ। ਪਰ ਨਹੀਂ ਤੂੰ ਤਾਂ ਪੱਥਰ ਏ, ਸਾਡੀ ਹਾਲਤ ਦਾ ਤੇਰੇ ਉੱਤੇ ਕੋਈ ਅਸਰ ਨਹੀਂ ਹੁੰਦਾ।

ਜਦੋਂ ਇਨਸਾਨ ਇਸ਼ਕ ਦੇ ਹੱਥੋਂ ਅੱਕ ਗਿਆ ਹੋਵੇ, ਉਸਨੂੰ ਕੋਈ ਚਾਰਾ ਨਾ ਮਿਲਦਾ ਹੋਵੇ, ਉਸਦੀਆਂ ਕੀਤੀਆਂ ਦੁਆਵਾਂ, ਮਿੰਨਤਾਂ ਸਭ ਵਿਅਰਥ ਜਾਪਣ, ਉਸਨੂੰ ਸਭ ਬੇਗਾਨੇ ਜਾਪਣ ਤਾਂ ਉਹ ਰੱਬ ਨਾਲ ਹੀ ਸ਼ਿਕਾਇਤਾਂ ਕਰ-ਕਰ ਢੇਰ ਲਗਾ ਦੇਂਦਾ ਹੈ। ਉਹਦੇ ਮਨ ਵਿੱਚ ਰੱਬ ਪ੍ਰਤੀ ਕਿੰਨੇ ਹੀ ਰੋਸ, ਕਿੰਨੇ ਹੀ ਸਵਾਲ ਜਨਮ ਲੈ ਲੈਂਦੇ ਨੇ। ਉਹ ਰੱਬ ਅੱਗੇ ਖੁਦ ਨੂੰ ਬੇ-ਸਹਾਰਾ ਦਿਖਾ ਇੰਝ ਵਰਤੀਰਾ ਕਰਦਾ ਹੈ ਕਿ ਰੱਬ ਉਸਦੀ ਕਿਸੇ ਇੱਕ ਆਹ ਉੱਤੇ ਯਕੀਨ ਕਰ ਉਸਨੂੰ ਉਹ ਸੌਂਪ ਦੇਵੇ ਜਿਸਦੀ ਉਹ ਚਾਹਤ ਰੱਖਦਾ ਹੈ। ਪਰ ਅਸੀਂ ਸਭ ਭਲੀ ਭਾਂਤੀ ਸਮਝਦੇ ਹਾਂ ਕਿ ਰੱਬ ਨੂੰ ਭਰਮਾਉਣਾ ਅਸਾਨ ਨਹੀਂ। ਉਹ ਸਾਡਿਆਂ ਤਰਲਿਆਂ, ਮਿੰਨਤਾਂ ਜਾਂ ਅਰਦਾਸਾਂ ਨਾਲ ਨਹੀਂ ਰੀਝਦਾ। ਉਸ ਨੂੰ ਜੋ ਚੰਗਾ ਲੱਗਦਾ ਏ। ਉਹ ਓਹੀ ਕਰਦਾ ਹੈ। ਭਾਵੇਂ ਉਹ ਸਾਡੇ ਲਈ ਕਿੰਨਾ ਵੀ ਪੀੜਾਦਾਇਕ ਕਿਉਂ ਨਾ ਹੋਵੇ।


ਬੇਸ਼ੱਕ ਰੱਬ ਨੂੰ ਸਾਡੀ ਹਾਲਤ ਉੱਤੇ ਤਰਸ ਨਹੀਂ ਆਉਂਦਾ ਪਰ ਉਸਨੇ ਸਾਡੇ ਮਕਸਦ ਨੂੰ ਹਾਸਲ ਕਰਨ ਦੇ ਰਾਹ ਜਰੂਰ ਬਣਾਏ ਹੁੰਦੇ ਹਨ। ਜਾਂ ਫਿਰ ਆਖ ਲਵੋ ਕਿ ਸਾਨੂੰ ਰਾਹ ਪਾਉਣ ਲਈ ਉਹ ਸਾਡੇ ਨਾਲ ਕੁਝ ਐਸਿਆਂ ਇਨਸਾਨਾਂ ਦਾ ਮੇਲ ਕਰਾ ਦੇਂਦਾ ਹੈ ਜਿੰਨ੍ਹਾਂ ਦੇ ਗਿਆਨ,

ਸਮਝ ਅਤੇ ਸਦ ਗੁਣਾਂ ਸਹਿਤ ਅਸੀਂ ਸਹੀ ਗਲਤ ਦੀ ਪਹਿਚਾਣ ਕਰ ਪਾਉਂਦੇ ਹਾਂ। ਇਹ ਹਰ ਇੱਕ ਇਨਸਾਨ ਨਾਲ ਹੁੰਦਾ ਹੈ। ਭਾਵੇਂ ਕੋਈ ਕਿੰਨਾ ਵੀ ਇਸ ਗੱਲ ਲਈ ਮੁੱਕਰ ਜਾਵੇ ਕਿ ਉਸਨੂੰ ਔਖੇ ਵਕਤ ਕਿਸੇ ਨੇ ਸਮਝਾਇਆ ਨਹੀਂ ਜਾਂ ਫਿਰ ਸਿੱਧੇ ਰਾਹ ਨਹੀਂ ਪਾਇਆ। ਹਰ ਇੱਕ ਦੀ ਜ਼ਿੰਦਗੀ ਵਿੱਚ ਅਜਿਹਾ ਇਨਸਾਨ ਜਰੂਰ ਆਉਂਦਾ ਹੈ। ਉਹ ਪਿਤਾ, ਮਾਂ, ਭੈਣ, ਭਾਈ, ਦੋਸਤ, ਹਮਸਫਰ ਜਾਂ ਫਿਰ ਕੋਈ ਅਣਜਾਣ ਵੀ ਹੋ ਸਕਦਾ ਹੈ।

ਅਜਿਹਾ ਹੀ ਇਸ ਨਾਵਲ ਵਿਚਲੇ ਮੁੱਖ ਪਾਤਰ ਨਾਲ ਹੋਇਆ ਹੈ। ਜੋ ਕਿ ਕਿਸੇ ਤੋਂ ਚੋਟ ਖਾ ਏਨਾ ਬੇ-ਵੱਸ ਹੋ ਜਾਂਦਾ ਹੈ ਕਿ ਉਸਨੂੰ ਇਸ ਗੱਲ ਦੀ ਬਿਲਕੁਲ ਸਮਝ ਨਹੀਂ ਰਹਿੰਦੀ ਕਿ ਉਹ ਅੱਗੇ ਕੀ ਕਰੇ? ਉਸ ਦੇ ਔਖੇ ਵਕਤ ਵਿੱਚ ਰੱਬ ਇੱਕ ਐਸੇ ਸਕਸ਼ ਨੂੰ ਭੇਜਦਾ ਹੈ ਜੋ ਨਾ ਸਿਰਫ ਉਸਨੂੰ ਸੰਭਾਲਦਾ ਹੈ ਸਗੋਂ ਉਸਦੇ ਅਨੇਕਾਂ ਪ੍ਰਕਾਰ ਦੇ ਮਹਿਬੂਬ ਜਾਂ ਮੁਹੱਬਤ ਪ੍ਰਤੀ ਸ਼ੰਕੇ ਵੀ ਦੂਰ ਕਰਦਾ ਹੈ। ਮੁੱਖ ਪਾਤਰ ਭਟਕਿਆ ਹੋਣ ਕਾਰਨ ਉਸ ਨੂੰ ਆਪਣਾ ਸਹਾਰਾ ਸਮਝਦਾ ਹੈ ਅਤੇ ਆਪਣੇ ਮਨ ਦੇ ਹਰ ਤਰ੍ਹਾਂ ਦੇ ਸਵਾਲ ਖੋਲ੍ਹ ਉਸਦੇ ਸਾਹਮਣੇ ਰੱਖ ਦੇਂਦਾ ਹੈ। ਅਜਿਹੇ ਸਵਾਲ ਜਿਨ੍ਹਾਂ ਦੇ ਜੁਆਬ ਉਹਨੂੰ ਪਹਿਲਾਂ ਮਿਲੇ ਹੁੰਦੇ ਤਾਂ ਉਹ ਮੁਹੱਬਤ ਵਿੱਚ ਸ਼ਾਇਦ ਚੋਟ ਨਾ ਖਾਂਦਾ।

ਉਸਦੇ ਮਨ ਦੇ ਸਵਾਲ ਤਾਂ ਜਰੂਰ ਉਸਨੂੰ ਉਸ ਸਕਸ਼ ਪਾਸੋਂ ਮਿਲ ਜਾਂਦੇ ਹਨ। ਪਰ ਉਸ ਵਕਤ ਦੌਰਾਨ ਉਸੇ ਸਕਸ਼ ਨਾਲ ਹੀ ਉਸ ਨੂੰ ਮੁਹੱਬਤ ਹੋ ਜਾਂਦੀ ਹੈ। ਜੋ ਕਿ ਉਸ ਲਈ ਪਹਿਲਾਂ ਨਾਲੋਂ ਵੀ ਜ਼ਿਆਦਾ ਸੰਘਰਸ਼ਪੂਰਨ ਬਣ ਜਾਂਦੀ ਹੈ।

ਗੱਲ ਇਸ ਨਾਵਲ ਦੀ ਕਰਾਂ ਤਾਂ ਇਹ ਸੱਚ ਦੇ ਕਾਫੀ ਨੇੜੇ ਤੇੜੇ ਜਾਪੇਗੀ। ਕਿਉਂਕਿ ਇਸਦੇ ਮੁੱਖ ਕਿਰਦਾਰ ਵਿੱਚ ਮੈਂ ਆਪਣੀ ਖੁਦ ਦੀ ਸ਼ਵੀ ਨੂੰ ਭਰ ਹੀ ਇਸ ਦੀ ਰਚਨਾ ਕੀਤੀ ਹੈ। ਇਸਦੇ ਕਿਰਦਾਰ ਕਿਸੇ ਹੱਦ ਤੱਕ ਕਾਲਪਨਿਕ ਵੀ ਨੇ ਅਤੇ ਕਿਸੇ ਹੱਦ ਤੱਕ ਅਸਲ ਨਾਲ ਵੀ ਤਾਲੁਕ ਰੱਖਦੇ ਹਨ। ਇਸ ਲਈ ਇਸਨੂੰ ਪੜ੍ਹਨ ਵਕਤ ਬਿਲਕੁਲ ਵੀ ਨਹੀਂ ਜਾਪੇਗਾ ਕਿ ਇਹ ਸਿਰਫ ਕਲਪਨਾ ਨੂੰ ਅਧਾਰ ਬਣਾ ਲਿਖੀ ਗਈ ਹੈ। ਇਸ ਵਿਚਲੇ ਕੀਤੇ ਸਵਾਲ ਜੁਆਬ ਮੇਰੀ ਹਮ ਉਮਰ ਦੇ ਨੌਜਵਾਨਾਂ ਲਈ ਬੜੇ ਲਾਹੇਵੰਦ ਸਾਬਤ ਹੋ ਸਕਦੇ ਨੇ। ਕਿਉਂਕਿ ਇਸ ਉਮਰ ਵਿੱਚ ਇਸ਼ਕ ਸ਼ਿਖਰਾਂ ਛੂਹ ਰਿਹਾ ਹੁੰਦਾ ਹੈ ਅਤੇ ਸਾਨੂੰ ਲੋੜ ਪੈਣ ਉੱਤੇ ਸਲਾਹ ਦੇਣ ਵਾਲਾ ਕੋਈ ਨਹੀਂ ਹੁੰਦਾ। ਇਹ ਨਾਵਲ ਉਹਨਾਂ ਸਭ ਨੌਜਵਾਨਾਂ ਲਈ ਇੱਕ ਚੰਗਾ ਵਿਸ਼ਵਾਸ਼ ਪਾਤਰ ਮਿੱਤਰ ਬਣ ਹਰ ਮੁਸ਼ਕਿਲ ਵਿੱਚ ਸਾਥ ਦੇਵੇਗੀ।



ਪ੍ਰੀਤ ਸਿੰਘ ਭੈਣੀ

# ਨਸੀਬੋ

**(1)**

ਮੈਨੂੰ ਖੁਦ ਉੱਤੇ ਹਾਸਾ ਆਇਆ ਕਿ ਜ਼ਿੰਦਗੀ ਏਦਾਂ ਦੇ ਵੀ ਮਜ਼ਾਕ ਕਰਦੀ ਏ। ਮੈਨੂੰ ਪਹਿਲੀ ਵਾਰੀ ਅਹਿਸਾਸ ਹੋਇਆ। ਮੈਂ ਤਾਂ ਬਸ ਲੋਕਾਂ ਵੱਲ ਵੇਖ-ਵੇਖ ਸੋਚਦਾ ਹੁੰਦਾ ਸੀ ਕਿ ਸਾਰੇ ਪਖੰਡ ਕਰਦੇ ਨੇ। ਪਰ ਹੁਣ ਪਤਾ ਲੱਗਾ ਕਿ ਜਦੋਂ ਆਪਣੇ ਉੱਤੇ ਬੀਤੇ ਫਿਰ ਹੀ ਅਸਲ ਅਨੁਭਵ ਹੁੰਦਾ ਹੈ। ਖੁਦ ਉੱਤੇ ਹਾਸਾ ਜਿਹਾ ਆਈ ਜਾਂਦਾ ਮੈਨੂੰ ਤਾਂ, ਕਿ ਮੈਂ ਖੁਦ ਹੀ ਕਿਹੋ ਜਿਹੇ ਮੋੜ ਉੱਤੇ ਆ ਰੁਕਿਆ ਹਾਂ। ਇਹੀ ਕੁਝ ਸੋਚਦਿਆਂ ਘਰ ਦੀ ਛੱਤ ਉੱਪਰ ਖੜ੍ਹੇ ਮੇਰਾ ਧਿਆਨ ਸਾਹਮਣੇ ਲੱਗੇ ਉੱਚੇ-ਉੱਚੇ ਪਪੂਲਰਾਂ ਉੱਤੇ ਜਾ ਪਿਆ। ਜਿੱਥੇ ਕਈ ਕਾਂਵਾਂ ਨੇ ਆਲ੍ਹਣੇ ਬਣਾ ਰੱਖੇ ਸੀ। ਪਪੂਲਰ ਕੁਝ ਦੂਰ ਸੀ ਮੇਰੇ ਘਰ ਤੋਂ ਜਿਸ ਕਰਕੇ ਦ੍ਰਿਸ਼ ਬਹੁਤਾ ਸਪਸ਼ਟ ਨਹੀਂ ਸੀ ਦਿਖਾਈ ਦਿੰਦਾ। ਫਿਰ ਵੀ ਮੈਂ ਦੇਖ ਰਿਹਾ ਸੀ ਕਿ ਇੱਕ ਕਾਂਵਾਂ ਦਾ ਜੋੜਾ ਆਪਣੇ ਬੱਚਿਆ ਦੇ ਮੂੰਹ ਵਿੱਚ ਚੋਗਾ ਪਾ ਰਿਹਾ ਸੀ। ਉਸ ਦ੍ਰਿਸ਼ ਨੂੰ ਵੇਖ ਮੇਰਾ ਮਨ ਪਿਆਰ ਅਤੇ ਤਰਸ ਦੇ ਭਾਵ ਨਾਲ ਭਰ ਗਿਆ। ਮੈਂ ਸੋਚਣ ਲੱਗਿਆ ਕਿ ਰੱਬ ਨੇ ਹਰ ਇੱਕ ਜੀਵ ਲਈ ਉਸਦਾ ਹਮਸਫਰ ਅਤੇ ਪਰਿਵਾਰ ਪਹਿਲਾਂ ਹੀ ਤੈਅ ਕਰ ਰੱਖਿਆ ਹੋਇਆ ਹੈ। ਮੈਂ ਕਿਉਂ ਐਵੇਂ ਬੇਕਾਰ ਦੀਆਂ ਉਲਝਣਾਂ ਵਿੱਚ ਆਪਣੇ ਮਨ ਉੱਤੇ ਦਬਾ ਪਾ ਰਿਹਾ ਹਾਂ। ਪਰ ਇਹ ਬਸ ਆਪਣੇ ਮਨ ਨੂੰ ਸਮਝਾਉਣ ਲਈ ਮਨ ਨਾਲ ਗੱਲਾਂ ਕਰ ਰਿਹਾ ਸੀ। ਹਾਲਾਂਕਿ ਅਸਲ ਵਿੱਚ ਇਸ ਉੱਤੇ ਮਨ ਦਾ ਟਿਕਾ ਰੱਖਣਾ ਬਹੁਤ ਮੁਸ਼ਕਿਲ ਕੰਮ ਹੈ।

ਪਤਾ ਨਹੀਂ ਮੇਰੇ ਮਨ ਵਿੱਚ ਕੀ ਆਈ ਮੈਂ ਕਾਹਲੀ ਨਾਲ ਛੱਤ ਤੋਂ ਹੇਠਾਂ ਉੱਤਰਿਆ ਅਤੇ ਅੱਜ ਵੇਲੇ ਨਾਲ ਹੀ ਮੋਟਰਸਾਇਕਲ ਚੁੱਕ ਦਰਿਆ ਵੱਲ ਨੂੰ ਤੁਰ ਪਿਆ। ਮੋਟਰਸਾਇਕਲ ਨੂੰ ਪਾਰਕਿੰਗ ਵਿੱਚ ਲਗਾ ਮੈਂ ਸਾਫ ਸੁਥਰੀ ਬਣੀ ਦਰਿਆ ਵੱਲ ਨੂੰ ਜਾਂਦੀ ਸੜਕ ਉੱਤੇ ਪੈਦਲ ਹੀ ਚੱਲ ਪਿਆ। ਇਹ ਸੜਕਾਂ ਰਾਧਾ ਸੁਆਮੀ ਸਤਸੰਗ ਬਿਆਸ ਵਾਲਿਆਂ ਬਣਾਈਆਂ ਨੇ। ਉਂਝ ਇਹ ਸਾਰੀ ਥਾਂ ਤਾਂ ਭਾਰਤੀ ਰੇਲਵੇ ਦੇ ਹਿੱਸੇ ਆਉਂਦੀ ਹੈ ਜਾਂ ਫਿਰ ਭਾਰਤੀ ਆਰਮੀ ਦੇ। ਪਰ ਰਾਧਾ ਸੁਆਮੀ ਵਾਲਿਆਂ ਨੇ ਇਸ ਵਿਰਾਨ ਪਈ ਥਾਂ ਨੂੰ ਚੰਗੀਆਂ ਪਾਰਕਾਂ, ਗਰਾਉਂਡਾਂ ਅਤੇ ਸੜਕਾਂ ਬਣਾ ਸੋਹਣੀ ਦਿੱਖ ਦੇ ਦਿੱਤੀ ਹੈ। ਮੈਂ ਚੱਲਦਾ ਗਿਆ ਤਾਂ ਦੇਖਿਆ ਇੱਥੇ ਇੱਕਾ ਦੁੱਕੇ ਹੀ ਬੰਦੇ ਸਨ। ਵਕਤ ਅਜੇ ਏਨਾਂ ਨਹੀਂ ਸੀ ਹੋਇਆ ਤਾਂ ਸ਼ਾਇਦ ਲੋਕ ਅਜੇ ਘਰਾਂ 'ਚੋਂ ਬਾਹਰ ਨਹੀਂ ਸੀ ਨਿਕਲੇ। ਆਸ-ਪਾਸ ਬਹੁਤ ਸੋਹਣਾ ਮਾਹੌਲ ਸੀ। ਇੱਕ ਦਮ ਸ਼ਾਂਤਮਈ। ਬਾਹਰ ਜਰੂਰ ਸ਼ਾਂਤੀ ਸੀ

ਪਰ ਮੇਰੇ ਅੰਦਰ ਸ਼ਾਂਤੀ ਨਹੀਂ ਸੀ। ਏਨੀ ਜਿਆਦਾ ਬੇਚੈਨੀ ਕਿ ਹਾਲ ਬੇਹਾਲ ਸੀ। ਪਤਾ ਨਹੀਂ ਕਿੰਨੇ ਦਿਨ ਹੋ ਗਏ ਸਨ ਸ਼ਹਿਨਾਜ ਨਾਲ ਗੱਲ ਹੋਈ ਨੂੰ। ਸ਼ਾਇਦ ਉਸ ਨੇ ਕਿਤੇ ਹੋਰ ਦਿਲ ਲਾ ਲਿਆ ਲੱਗਦਾ ਸੀ। ਮੈਂ ਚੰਗੀ ਤਰ੍ਹਾਂ ਵਾਕਫ ਹਾਂ ਉਸਦੇ ਮਨ ਦੀ ਅਵਸਥਾ ਤੋਂ, ਉਸਦੇ ਦਿਲ ਦੇ ਹਾਲ ਤੋਂ, ਉਸਦੀਆਂ ਕਿਸੇ ਦੇ ਪ੍ਰਤੀ ਵੱਧਦੀਆਂ ਖਿੱਚਾਂ ਤੋਂ। ਉਹ ਏਵੇਂ ਦੀ ਹੀ ਹੈ। ਮੈਂ ਨਿੱਤ ਹੀ ਦਰਿਆ ਦੇ ਆਸ-ਪਾਸ ਬਣੀਆਂ ਪਾਰਕਾਂ ਅਤੇ ਸੜਕਾਂ ਵੱਲ ਸ਼ਾਮ ਨੂੰ ਸੈਰ ਲਈ ਆਉਂਦਾ ਸੀ। ਪਰ ਅੱਜ ਅਜੇ ਚਾਰ ਹੀ ਵੱਜੇ ਸਨ। ਅੱਜ ਮੈਂ ਛੇਤੀ ਆ ਗਿਆ ਸੀ। ਮੈਂ ਕੰਨਾਂ ਵਿੱਚ ਹੈੱਡਫੂਨ ਲਗਾਏ ਅਤੇ ਉੱਚੀ ਆਵਾਜ਼ ਵਿੱਚ ਦਿਲਜੀਤ ਦੀ ਫਿਲਮ ਸੂਰਮਾ ਦਾ ਗਾਣਾ "ਇਸ਼ਕ ਦੀ ਬਾਜੀਆਂ" ਲਗਾ ਇੱਕ ਬੈਂਚ ਉੱਪਰ ਬੈਠ ਗਿਆ। ਕਰੀਬ 10-12 ਵਾਰ ਮੈਂ ਓਹੀ ਗਾਣਾ ਸੁਣਿਆ ਅਤੇ ਫਿਰ ਅਮਰਿੰਦਰ ਗਿੱਲ ਦਾ "ਰਾਹ" ਗਾਣਾ ਲਗਾ ਲਿਆ। ਅੰਦਰੋਂ ਭਰਿਆ ਹੋਣ ਕਾਰਨ ਪੀੜ ਤਾਂ ਬੇਹੱਦ ਹੋ ਰਹੀ ਸੀ ਪਰ ਸਵਾਦ ਵੀ ਬਹੁਤ ਆ ਰਿਹਾ ਸੀ। ਮੈਂ ਅੱਖਾਂ ਬੰਦ ਕਰ ਬੈਂਚ ਤੇ ਬੈਠਾ ਸੀ, ਗਾਣੇ ਆਪਣੇ ਆਪ ਬਦਲਦੇ ਜਾ ਰਹੇ ਸਨ। ਮੈਨੂੰ ਏਦਾਂ ਬੈਠੇ ਨੂੰ ਕਰੀਬ ਡੇਢ ਘੰਟਾ ਗੁਜਰ ਗਿਆ ਹੋਣਾ।

ਮੈਂ ਆਪਣੇ ਆਪ ਵਿੱਚ ਮਸਤ ਸੀ ਕਿ ਮੈਨੂੰ ਸਿਗਰਟ ਦੇ ਧੂੰਏਂ ਦੀ ਮਹਿਕ ਆਉਣ ਲੱਗੀ। ਮੈਂ ਇੱਕ ਦਮ ਅੱਖਾਂ ਖੋਲ੍ਹੀਆਂ ਤਾਂ ਮੇਰੇ ਕੋਲ ਹੀ ਇੱਕ ਬੈਠਾ ਬੰਦਾ ਸਿਗਰਟ ਦੇ ਸੂਟੇ ਖਿੱਚ ਰਿਹਾ ਸੀ। ਮੈਨੂੰ ਸਿਗਰਟ ਪਸੰਦ ਨਹੀਂ ਸੀ। ਇਹ ਨਹੀਂ ਕਿ ਮੈਂ ਪਹਿਲਾਂ ਆਪ ਕਦੇ ਪੀਤੀ ਨਹੀਂ ਸੀ। ਪਰ ਇੱਕ ਲੰਮੇ ਅਰਸੇ ਤੋਂ ਮੈਂ ਸਿਗਰਟ ਪੀਣ ਵਾਲੇ ਦੇ ਕੋਲ ਦੀ ਵੀ ਨਹੀਂ ਸੀ ਲੰਘਿਆ। ਅਗਰ ਮੇਰੇ ਕੋਲ ਕੋਈ ਸਿਗਰਟ ਪੀਣ ਵਾਲਾ ਆਵੇ ਤਾਂ ਮੈਂ ਆਪ ਹੀ ਦੂਰ ਹੋ ਜਾਂਦਾ ਹਾਂ ਜਾਂ ਫਿਰ ਸਿਗਰਟ ਪੀਣ ਵਾਲੇ ਨੂੰ ਦੂਰ ਹੋਣ ਲਈ ਆਖ ਦੇਂਦਾ। ਪਰ ਉਸ ਦਿਨ ਨਾ ਤਾਂ ਮੈਂ ਉੱਠਿਆ ਅਤੇ ਨਾ ਹੀ ਉਸ ਆਦਮੀ ਨੂੰ ਦੂਰ ਹੋਣ ਲਈ ਕਿਹਾ। ਸ਼ਾਇਦ ਮੈਨੂੰ ਚੰਗੀ ਲੱਗ ਰਹੀ ਸੀ ਸਿਗਰਟ ਦੀ ਉਹ ਮਹਿਕ। ਇੰਝ ਲੱਗ ਰਿਹਾ ਸੀ ਜਿਵੇਂ ਉਸ ਸਿਗਰਟ ਪੀਣ ਵਾਲੇ ਨੂੰ ਇਸਦਾ ਨਸ਼ਾ ਘੱਟ ਅਤੇ ਮੈਨੂੰ ਵਧੇਰੇ ਹੋ ਰਿਹਾ ਹੋਵੇ। ਮੈਂ ਚੁੱਪ ਚਾਪ ਫਿਰ ਤੋਂ ਅੱਖਾਂ ਬੰਦ ਕਰ ਗਾਣੇ ਸੁਣਨ ਵਿੱਚ ਮਸ਼ਰੂਫ ਹੋ ਗਿਆ। ਮੈਂ ਉਸ ਆਦਮੀ ਵੱਲ ਬਹੁਤਾ ਧਿਆਨ ਨਾ ਦਿੱਤਾ। ਕੁਝ ਹੀ ਪਲਾਂ ਵਿੱਚ ਸਿਗਰਟ ਦੀ ਮਹਿਕ ਬੰਦ ਹੋ ਗਈ। ਦਰਿਆ ਦੇ ਨੇੜੇ ਹੋਣ ਕਾਰਨ ਹਵਾ ਕਾਫੀ ਠੰਡੀ ਅਤੇ ਖੁਸ਼ਬੂਦਾਰ ਚੱਲਦੀ ਰਹਿੰਦੀ ਏ ਜਿਸ ਕਾਰਨ ਸਿਗਰਟ ਦੀ ਮਹਿਕ ਨੂੰ ਉੱਥੇ ਦੀ ਹਵਾ ਨੇ ਝੱਟ-ਪੱਟ ਹੀ ਬਦਲ ਕੇ ਰੱਖ ਦਿੱਤਾ। ਉਹ ਆਦਮੀ ਜਾ ਚੁੱਕਾ ਸੀ ਅਤੇ ਮੈਂ ਅਜੇ ਵੀ ਉੱਥੇ ਹੀ ਬੈਠਾ ਸੀ।

ਮੈਂ ਆਸ-ਪਾਸ ਨਜ਼ਰ ਘੁੰਮਾਈ, ਫਿਰ ਤੋਂ ਅੱਖਾਂ ਬੰਦ ਕੀਤੀਆਂ ਅਤੇ ਮਸਤ ਹੋ ਗਿਆ। ਅੰਦਰੋਂ-ਅੰਦਰੀ ਤਾਂ ਜਿਵੇਂ ਮੈਂ ਇੱਕ ਮਸਤ ਫਕੀਰ ਵਾਂਗ ਘੁੰਗਰੂ ਬੰਨ੍ਹ ਨੱਚ ਰਿਹਾ ਹੋਵਾਂ ਅਤੇ ਬਾਹਰੋਂ ਉਸ ਮਲਾਹ ਜਿਹਾ ਹਾਲ ਸੀ ਜਿਸ ਕੋਲ ਦਰਿਆ ਪਾਰ ਕਰਨ ਲਈ ਇੱਕ ਹੀ ਬੇੜੀ ਹੋਵੇ ਅਤੇ ਉਹ ਵੀ ਵਹਿੰਦੇ ਦਰਿਆ ਵਿੱਚ ਦੂਰ ਜਾਂਦੀ ਦਿਖਾਈ ਦੇਂਦੀ ਹੋਵੇ। ਅਤੇ ਮਲਾਹ ਬਸ ਕੰਢੇ ਉੱਤੇ ਬੈਠਾ ਰੱਬ ਦੀ ਰਹਿਮਤ ਦੀ ਉਡੀਕ ਕਰਦਾ ਹੋਵੇ ਕਿ ਬੇੜੀ ਉਸ ਵੱਲ ਵਹਿ ਕੇ ਆਜੇ। ਪਰ ਅਫਸੋਸ ਰੱਬ ਦੀ ਅੱਖ ਅੱਜਕੱਲ੍ਹ ਉਸਦੇ ਨਿਰਾਸ਼ਾ ਭਰੇ ਚਿਹਰੇ ਤੋਂ ਵਾਂਝੀ ਸੀ।

ਮੇਰੇ ਆਸ-ਪਾਸ ਫੁੱਲਾਂ ਦੀ ਭਰਮਾਰ ਸੀ। ਰੰਗ ਬਿਰੰਗੀਆਂ ਵੇਲਾਂ ਤੇ ਉੱਚੇ-ਉੱਚੇ ਸਫੈਦੇ। ਇੱਕ ਅਮਲਤਾਸ ਬੂਟੇ ਹੇਠਾਂ ਬਣੀ ਝੌਂਪੜੀ ਦੇ ਹੇਠਾਂ ਡੱਠੇ ਬੈਂਚ ਉੱਪਰ ਮੈਂ ਬੈਠਾ ਹੋਇਆ ਸੀ। ਜਿਸ ਦੇ ਉੱਪਰ ਬਸ ਕਾਨ੍ਹਿਆਂ ਦੀ ਛੱਤ ਜੋ ਚਾਰੇ ਪਾਸੇ ਤੋਂ ਖੁੱਲ੍ਹੀ ਸੀ। ਇਸ ਉੱਪਰੋਂ ਕੁਝ ਕਦਮਾਂ ਉੱਤੇ ਦਰਿਆ ਸੀ ਅਤੇ ਉਸ ਉੱਪਰ ਬਣਿਆ ਇੱਕ ਲੋਹੇ ਦਾ ਪੁਲ। ਜਿਸ ਤੋਂ ਪਤਾ ਹੀ ਨਹੀਂ ਕਿੰਨੀਆਂ ਕੁ ਰੇਲ ਗੱਡੀਆਂ ਰੋਜ਼ ਲੰਘਦੀਆਂ ਹੋਣਗੀਆਂ। ਜਿਸ ਸੜਕ ਦੇ ਕਿਨਾਰੇ ਮੈਂ ਬੈਠਾਂ ਸੀ ਇਹ ਸੜਕ ਇਹੀ ਪੁਲ ਥੱਲਿਓ ਦੀ ਹੁੰਦੀ ਹੋਈ ਦਰਿਆ ਦੇ ਨਾਲ-ਨਾਲ ਰਾਧਾ ਸੁਆਮੀ ਡੇਰੇ ਵੱਲ ਨੂੰ ਜਾਂਦੀ ਸੀ। ਇੱਥੋਂ ਸਾਹਮਣੇ ਹੀ ਅੰਮ੍ਰਿਤਸਰ ਤੋਂ ਦਿੱਲੀ ਨੂੰ ਜਾਂਦਾ ਏ.ਵੱਨ ਜੀ.ਟੀ. ਰੋਡ ਦਿਖਾਈ ਦਿੰਦਾ ਸੀ। ਮੈਂ ਗਾਣੇ ਸੁਣਦਾ-ਸੁਣਦਾ ਖੁੱਲ੍ਹੀਆਂ ਅੱਖਾਂ ਨਾਲ ਜੀ.ਟੀ. ਰੋਡ ਉੱਤੇ ਲਗਾਤਾਰ ਚੱਲਦੀਆਂ ਗੱਡੀਆਂ ਦੇਖਦਾ ਹੋਇਆ ਗਾਣੇ ਗਾ ਰਿਹਾ ਸੀ। ਮੈਂ ਆਪਣੇ ਆਪ ਵਿੱਚ ਏਨਾਂ ਮਸਤ ਸੀ ਕਿ ਪਤਾ ਹੀ ਨਾ ਲੱਗਾ ਕਦ ਇੱਕ ਕੁੜੀ ਮੇਰੇ ਕੋਲ ਆ ਬੈਠ ਗਈ। ਕੁੜੀ ਦੇ ਨੇੜੇ ਆਉਂਦਿਆਂ ਹੀ ਮੈਂ ਆਪਣੇ ਗਾਣਿਆਂ ਦੀ ਆਵਾਜ਼ ਇੱਕ ਦਮ ਹੌਲੀ ਕਰ ਦਿੱਤੀ। ਮੈਂ ਪਹਿਲਾਂ ਕਦੇ ਇਸ ਕੁੜੀ ਨੂੰ ਨਹੀਂ ਸੀ ਦੇਖਿਆ। ਇਹ ਪਹਿਲੀ ਵਾਰ ਆਈ ਲੱਗਦੀ ਸੀ। ਹੋ ਸਕਦਾ ਇੱਥੇ ਦੀ ਨਵੀਂ ਵਸਨੀਕ ਹੋਵੇ। ਮੈਂ ਉਸ ਵੱਲ ਖਾਸ ਧਿਆਨ ਨਾ ਦਿੱਤਾ। ਬਸ ਇੱਕ ਵਾਰ ਅੱਖ ਪੁੱਟ ਉਸ ਵੱਲ ਦੇਖਿਆ ਹੋਣਾ। ਗਲ ਟਰੈਕ ਸੂਟ ਪਾਇਆ ਹੋਇਆ ਸੀ ਅਤੇ ਪੈਰੀ ਬੂਟ ਸਨ। ਰੰਗ ਰੂਪ ਚਿੱਟਾ ਜਾਪਦਾ ਸੀ। ਇੱਕ ਦਮ ਦੁੱਧ ਦੇ ਭਾਂਤੀ। ਉਹ ਮੂੰਹ 'ਚ ਕੁਝ ਚਬਾ ਰਹੀ ਸੀ। ਉਹ ਵਾਰ-ਵਾਰ ਮੇਰੇ ਵੱਲ ਦੇਖਦੀ ਅਤੇ ਮੈਂ ਬਿਨਾਂ ਉਸ ਵੱਲ ਝਾਤ ਮਾਰੇ ਬਸ ਬੈਠਾਂ ਰਿਹਾ। ਕੁਝ ਚਿਰ ਪਿੱਛੋਂ ਉਹ ਬੋਲੀ..

"ਅੱਜ ਮੌਸਮ ਕਾਫੀ ਬਦਲਿਆ ਲੱਗ ਰਿਹਾ ਏ। ਹਵਾ ਬੜੀ ਠੰਡੀ ਚੱਲ ਰਹੀ ਅੱਜ ਤਾਂ।"

ਮੈਂ ਚੁੱਪ ਰਿਹਾ। ਕੁਝ ਨਾ ਬੋਲਿਆ। ਉਸ ਨੂੰ ਇਹ ਅਹਿਸਾਸ ਕਰਵਾਇਆ ਜਿਵੇਂ ਮੈਂ ਉਸ ਦੀ ਗੱਲ ਨੂੰ ਸੁਣਿਆ ਹੀ ਨਾ ਹੋਵੇ। ਉਸ ਨੂੰ ਇਹ ਗੱਲ ਅਨੁਭਵ ਹੋ ਗਈ। ਸਿਆਲੀ ਦਿਨਾਂ 'ਚ ਮੈਂ ਸਿਰ ਉੱਤੇ ਅਕਸਰ ਟੋਪੀ ਪਾ ਰੱਖਦਾ ਹਾਂ। ਭਾਵੇਂ ਕੜਾਕੀ ਧੁੱਪ ਹੀ ਕਿਉਂ ਨਾ ਲੱਗੀ ਹੋਵੇ। ਠੰਡ ਦੇ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਖਤਮ ਹੋਣ ਤੋਂ ਬਾਅਦ ਤੱਕ ਟੋਪੀ ਨਹੀਂ ਲਹਿੰਦੀ ਛੇਤੀ। ਉਸ ਵਕਤ ਵੀ ਮੈਂ ਟੋਪੀ ਪਾਈ ਹੋਈ ਸੀ। ਉਸ ਨੇ ਕੁਝ ਪਲਾਂ ਪਿੱਛੋਂ ਫਿਰ ਤੋਂ ਮੇਰੇ ਵੱਲ ਦੇਖਦੇ, ਮੇਰੇ ਮੂੰਹ ਅੱਗੇ ਹੱਥ ਹਿਲਾਇਆ ਅਤੇ ਆਖਿਆ..

"ਕੀ ਗੱਲ ਜਨਾਬ ਸੁਣ ਕੇ ਜੁਆਬ ਨਹੀਂ ਦਿੱਤਾ, ਮੈਨੂੰ ਨੀ ਸੀ ਪਤਾ ਏਥੇ ਵਾਲਿਆਂ 'ਚ ਏਨੀ ਆਕੜ ਏ।"

ਮੈਂ ਫ਼ੂਨ ਤੋਂ ਗਾਣੇ ਬੰਦ ਕੀਤੇ, ਕੰਨਾਂ ਵਿੱਚ ਲੱਗੇ ਹੈੱਡਫ਼ੂਨ ਹਟਾਏ ਅਤੇ ਅਣਜਾਣ ਬਣਦੇ ਹੋਏ ਆਖਿਆ...

"ਹਾਂਜੀ.. ਮੁਆਫ ਕਰਨਾ ਮੇਰਾ ਧਿਆਨ ਕਿਸੇ ਹੋਰ ਪਾਸੇ ਸੀ।"

"ਧਿਆਨ ਨਹੀਂ ਸੀ ਹੋਰ ਪਾਸੇ, ਬਸ ਆਕੜ ਦੇ ਦਿਖਾਵੇ ਕਰਨੇ ਹੁੰਦੇ ਨੇ।"

ਉਸਨੇ ਮੂੰਹ ਬਣਾਉਂਦੇ ਹੋਏ ਆਖਿਆ।

ਮੈਨੂੰ ਥੋੜੀ ਜਿਹੀ ਹੈਰਾਨੀ ਲੱਗੀ ਕਿਸੇ ਅਣਜਾਣ ਨਾਲ ਏਦਾਂ ਕਿਵੇਂ ਕੋਈ ਗੱਲ ਕਰ ਸਕਦਾ ਏ। ਪਰ ਮੈਂ ਸਮਝ ਗਿਆ ਕਿ ਕੁੜੀ ਏਥੇ ਨਵੀਂ ਆਈ ਲੱਗਦੀ ਏ ਅਤੇ ਉਹ ਵੀ ਕਿਸੇ ਚੰਗੇ ਸ਼ਹਿਰ ਤੋਂ, ਜਿੱਥੇ ਕੁੜੀਆਂ ਅਕਸਰ ਅਣਜਾਣ ਮੁੰਡਿਆਂ ਨਾਲ ਬੇਝਿਜਕ ਗੱਲ ਕਰਨ ਵਿੱਚ ਸ਼ਰਮ ਮਹਿਸੂਸ ਨਹੀਂ ਕਰਦੀਆਂ। ਮੈਂ ਝੂਠੀ ਜਿਹੀ ਚਿਹਰੇ ਤੇ ਮੁਸਕਾਨ ਲਿਆਉਂਦੇ ਹੋਏ ਹੱਸ ਕੇ ਕਿਹਾ..

"ਨਹੀਂ-ਨਹੀਂ ਆਕੜ ਕਿਸ ਗੱਲ ਦੀ.. ਬਸ ਮੈਂ ਆਪਣੇ ਆਪ ਵਿੱਚ ਮਸਤ ਗਾਣੇ ਸੁਣ ਰਿਹਾ ਸੀ।"

"ਮੈਂ ਮੌਸਮ ਬਾਰੇ ਗੱਲ ਕਰਦੀ ਸੀ ਕਿ ਅੱਜ ਕਾਫੀ ਬਦਲਿਆ ਲੱਗਦਾ।"

ਉਸਨੇ ਏਵੇਂ ਕਿਹਾ ਜਿਵੇਂ ਉਹ ਮੌਸਮ ਬਾਰੇ ਨਹੀਂ ਮੇਰੇ ਮਨ ਬਾਰੇ ਗੱਲ ਕਰ ਰਹੀ ਹੋਵੇ। ਕਿਉਂਕਿ ਉਸਦੀ ਮੇਰੇ ਵੱਲ ਤੱਕਣੀ ਮੈਨੂੰ ਇਹੀ ਅਨੁਭਵ ਕਰਾ ਰਹੀ ਸੀ। ਮੈਂ ਉਸਦੀ ਗੱਲ ਨੂੰ ਟੋਕਦੇ ਆਖਿਆ..

"ਮੌਸਮ ਤਾਂ ਬੜੇ ਦਿਨਾਂ ਦਾ ਬਦਲਿਆ ਏ। ਬਸ ਘਰੋਂ ਬਾਹਰ ਅੱਜ ਵੇਲੇ ਨਾਲ ਆ ਗਏ। ਇਸ ਲਈ ਅਹਿਸਾਸ ਹੁਣ ਹੋਇਆ। ਵੈਸੇ ਮੌਸਮ ਤਾਂ ਓਵੇਂ ਹੀ ਏ, ਵਕਤ ਬਦਲ ਗਿਆ ਏ।"

ਉਸਨੇ ਹੱਸਦੇ ਹੋਇਆ ਕਿਹਾ...

"ਮੈਂ ਜਾਣਦੀ ਸੀ ਤੁਹਾਡਾ ਇਹੀ ਜੁਆਬ ਹੋਣਾ।"

ਉਸਨੇ ਹੱਸਦੇ ਹੋਏ ਕਿਹਾ।

ਉਹ ਕਿਵੇਂ ਜਾਣਦੀ ਭਲਾ? ਮੈਨੂੰ ਸਮਝ ਨਾ ਲੱਗੀ। ਕੁੜੀ ਬਹੁਤੀ ਤੇਜ਼ ਲੱਗੀ ਮੈਨੂੰ ਤਾਂ। ਮੈਂ ਉਸਦੇ ਚਿਹਰੇ ਨੂੰ ਵੇਖਿਆ ਤੇ ਫਿਰ ਮੂੰਹ ਘੁੰਮਾ ਲਿਆ। ਉਹ ਉੱਠੀ ਅਤੇ ਬੋਲੀ..

"ਚਲੋ ਫਿਰ ਮਿਲਦੇ ਕਿਤੇ। ਮੇਰਾ ਵਕਤ ਹੋ ਗਿਆ ਘਰ ਜਾਣ ਦਾ, ਤੇ ਸ਼ਾਇਦ ਤੁਹਾਡਾ ਵੀ।.. ਬਾਏ।"

ਮੈਂ ਬਸ ਦੇਖ ਰਿਹਾ ਸੀ। ਇਸਤੋਂ ਪਹਿਲਾਂ ਕਿ ਉਹ ਮੇਰੀ ਬਾਏ ਸੁਣਦੀ, ਭੱਜਦੀ ਹੋਈ ਉਹ ਦੂਰ ਨਿਕਲ ਗਈ। ਮੈਂ ਉਸਨੂੰ ਦੇਖਦਾ ਹੀ ਰਹਿ ਗਿਆ। ਇੰਝ ਲੱਗਾ ਜਿਵੇਂ ਕੁਝ ਚਿਰ ਲਈ ਉਸਦੇ ਆਗਮਨ ਨੇ ਮੇਰਾ ਧਿਆਨ ਪਲਟਿਆ ਹੋਵੇ ਅਤੇ ਰਾਹਤ ਮਿਲੀ ਹੋਵੇ। ਮੈਂ ਉਸਦੇ ਬਾਰੇ ਬਹੁਤਾ ਨਾ ਸੋਚਿਆ ਅਤੇ ਉਸਦੇ ਜਾਂਦਿਆਂ ਹੀ ਫ਼ੂਨ ਚਾਲੂ ਕਰ ਵਕਤ ਵੇਖਿਆ ਤਾਂ ਫ਼ੂਨ ਦੀ ਸਕਰੀਨ ਉੱਤੇ ਲੱਗੀ ਸ਼ਹਿਨਾਜ ਫੋਟੋ ਨੇ ਫਿਰ ਤੋਂ ਮੇਰਾ ਧਿਆਨ ਉਸਦੀ ਯਾਦ ਵੱਲ ਵਧਾ ਦਿੱਤਾ। ਮੈਂ ਅਣਦੇਖਿਆ ਜਿਹਾ ਕਰ ਕੰਨਾਂ ਵਿੱਚ ਮੁੜ ਤੋਂ ਹੈੱਡ ਫ਼ੂਨ ਲਗਾਏ ਅਤੇ ਮੋਟਰਸਾਇਕਲ ਚੱਕ ਤੇਜ਼ ਰਫਤਾਰ ਨਾਲ ਗਾਣੇ ਸੁਣਦਾ ਘਰ ਅੱਪੜ ਗਿਆ। ਘਰ ਆਇਆ ਤਾਂ ਮਾਂ ਰੋਟੀ ਬਣਾ ਰਹੀ ਸੀ। ਛੋਟਾ ਭਾਈ ਬਾਹਰ ਖੇਡਣ ਗਿਆ ਸੀ। ਮੈਂ ਹੱਥ ਪੈਰ ਧੋ ਰੋਟੀ-ਪਾਣੀ ਖਾਧਾ ਅਤੇ ਆਪਣੇ ਕਮਰੇ ਵਿੱਚ ਜਾ ਸ਼ਹਿਨਾਜ ਦੀਆਂ ਪੁਰਾਣੀਆਂ ਗੱਲਾਂ ਸੁਣੀਆਂ ਜੋ ਮੈਂ ਅਕਸਰ ਰਿਕਾਰਡ ਕਰਦਾ ਹੁੰਦਾ ਸੀ ਅਤੇ ਉਸਦੇ ਵਿਅਸਤ ਹੋਣ ਵੇਲੇ ਸੁਣਦਾ ਸੀ।

ਦਿਨ ਗੁਜਰਿਆ ਅਤੇ ਰਾਤ ਬੜੀ ਔਖੀ ਲੰਘੀ। ਸਾਰੀ ਰਾਤ ਉਸਲ ਵੱਟੀਆਂ ਖਾਂਦਾ ਰਿਹਾ। ਕਰੀਬ 11 ਵਜੇ ਮੈਂ ਫ਼ੂਨ ਨੂੰ ਬੰਦ ਕਰ ਇੱਕ ਪਾਸੇ ਰੱਖ ਦਿੱਤਾ ਸੀ ਅਤੇ ਸੋਚਿਆ ਕਿ ਸ਼ਾਇਦ ਸੌਣ ਨਾਲ ਮਨ ਉੱਤੇ ਪਿਆ ਬੋਝ ਜਿਹਾ ਹਲਕਾ ਲੱਗਣ ਲੱਗ ਪਊ। ਪਰ ਖਿਆਲੀ ਪੁਲਾਵਾਂ ਨੇ ਐਸਾ ਘੇਰਿਆ ਕਿ ਕਦ 4 ਵੱਜ ਗਏ ਪਤਾ ਹੀ ਨਾ

ਲੱਗਾ। ਮਨ ਵਿੱਚ ਵੰਨ-ਸੁਵੰਨੀਆਂ ਸੋਚਾਂ ਦਿਮਾਗ ਨੂੰ ਟਿਕਾਅ ਨਹੀਂ ਸਨ ਦੇ ਰਹੀਆਂ। ਉਂਝ ਇਹ ਨਵੀਂ ਗੱਲ ਨਹੀਂ ਸੀ ਮੇਰੇ ਨਾਲ ਹੋਈ। ਇਹੋ ਜਿਹੇ ਹਾਲਾਤਾਂ 'ਚੋਂ ਮੈਂ ਪਹਿਲਾਂ ਵੀ ਗੁਜਰ ਚੁੱਕਾ ਸੀ। ਹਾਂ ਉਸ ਵਕਤ ਮੇਰੀ ਉਮਰ ਇਹ ਸਭ ਸਮਝਣ ਦੇ ਕਾਬਿਲ ਨਹੀਂ ਸੀ ਸ਼ਾਇਦ। ਇੱਕ ਪੀੜ ਅਤੇ ਅੱਥਰੂ ਵਹਾ ਮਨ ਹਲਕਾ ਕਰ ਲੈਂਦਾ ਸੀ। ਕੁਝ ਜਿਗਰੀ ਯਾਰ ਵੀ ਸਨ ਬਚਪਨ ਦੇ ਜਿੰਨ੍ਹਾਂ ਨਾਲ ਦਿਲ ਦੀ ਹਰ ਗੱਲ ਖੋਲ੍ਹ ਇੰਝ ਲੱਗਦਾ ਸੀ ਜਿਵੇਂ ਮੈਂ ਰੱਬ ਨੂੰ ਆਪਣੇ ਮਨ ਦੀ ਹਾਲਤ ਦੱਸ ਰੱਬ ਨੂੰ ਆਪਣੇ ਪਾਸੇ ਕਰ ਲਿਆ ਹੋਵੇ ਅਤੇ ਰੱਬ ਸਾਰੀ ਦੁਨੀਆ ਦੇ ਕੰਮ ਛੱਡ ਮੇਰੇ ਨਾਲ ਆ ਖਲੋਤਾ ਹੋਵੇ। ਉਮਰ ਅਤੇ ਸੋਚ ਦਾ ਦਾਇਰਾ ਛੋਟਾ ਹੋਣ ਕਾਰਨ ਚੀਜ਼ਾਂ ਆਸਾਨ ਜਰੂਰ ਸੀ ਪਰ ਪੀੜ ਵਧੇਰੇ ਅਤੇ ਸਹਿਣ ਸ਼ਕਤੀ ਨਾ ਮਾਤਰ ਹੁੰਦੀ ਸੀ। ਅੱਖੀਆਂ ਨੂੰ ਗਿੱਲਾ ਕਰਨ ਪਿੱਛੋਂ ਮਨ ਹੌਲਾ ਹੋ ਜਾਂਦਾ ਸੀ। ਬਚਪਨ ਦੀ ਵੀ ਆਪਣੀ ਸੀਮਾ ਸੀ ਜੋ ਵਕਤ ਦੇ ਨਾਲ ਖਤਮ ਹੋ ਗਈ। ਸੋਚ ਦਾ ਦਾਇਰਾ ਖੁੱਲ੍ਹਣ ਦੇ ਨਾਲ-ਨਾਲ ਇਸ਼ਕ ਦੇ ਰਾਹ ਅਤੇ ਮਨ ਦੀਆਂ ਬੇਚੈਨੀਆਂ ਵਿੱਚ ਵਧੇਰੇ ਇਜ਼ਾਫਾ ਹੋ ਗਿਆ।

ਉਸਦੇ ਬਾਰੇ ਸੋਚਦਿਆਂ ਹੀ ਮੈਨੂੰ ਯਾਦ ਆਇਆ ਜਦ ਮੈਂ ਅਤੇ ਸ਼ਹਿਨਾਜ ਕਿਸੇ ਕੰਮ ਵਜੋਂ ਕਾਲਜ ਮਿਲੇ ਸੀ। ਉਸਦਾ ਅਸਰ ਤਾਂ ਪਹਿਲੀ ਮੁਲਾਕਾਤ ਦਾ ਹੀ ਮੇਰੇ ਮਨ ਉੱਤੇ ਛਪਿਆ ਹੋਇਆ ਸੀ ਪਰ ਹਰ ਮੁਲਾਕਾਤ ਪਿੱਛੋਂ ਉਹ ਮੈਨੂੰ ਆਪਣਾ ਗੁਲਾਮ ਬਣਾਈ ਜਾ ਰਹੀ ਸੀ। ਮੈਂ ਤਾਂ ਚੱਲ ਉਸਦਾ ਗੁਲਾਮ ਹੋ ਹੀ ਰਿਹਾ ਸੀ, ਉਹ ਵੀ ਮੇਰੇ ਵਿੱਚੋਂ ਸਕੂਨ ਭਾਲਣ ਲੱਗ ਪਈ ਜਾਪਦੀ ਸੀ। ਉਸਦੀਆਂ ਗੱਲਾਂ ਤੋਂ ਇਹੀ ਲੱਗਦਾ ਸੀ। ਉਸਨੇ ਮੈਨੂੰ ਪਿਆਰ ਦਾ ਇਜ਼ਹਾਰ ਤਾਂ ਨਹੀਂ ਸੀ ਕੀਤਾ ਪਰ ਮੇਰੇ ਪੁੱਛਣ ਤੇ ਨਾਂਹ ਵੀ ਨਹੀਂ ਸੀ ਕੀਤੀ। ਉਸਦਾ ਪੰਜ ਫੁੱਟ ਤਿੰਨ ਇੰਚ ਦਾ ਕੱਦ ਜੋ ਮੇਰੇ ਤੋਂ ਚਾਰ ਕੁ ਇੰਚ ਘੱਟ ਸੀ, ਮੈਨੂੰ ਬੜਾ ਹੀ ਵਧੀਆ ਲੱਗਦਾ ਸੀ। ਉਸਦੀਆਂ ਤੇਜ ਤਰਕਾਰ ਅੱਖੀਆਂ ਅਤੇ ਘੂਰੀ ਮੈਨੂੰ ਉਸਦੇ ਹੋਰ ਵੱਸ ਵਿੱਚ ਕਰਦੀ ਜਾਂਦੀ ਸੀ। ਮੈਨੂੰ ਚੇਤੇ ਆ ਜਦੋਂ ਮੈਂ ਬਹਾਨਾ ਬਣਾ ਉਸਦਾ ਹੱਥ ਫੜਿਆ ਅਤੇ ਕਿਹਾ.....

"ਲਿਆ ਆਪਣਾ ਹੱਥ ਤਾਂ ਦਿਖਾ, ਵੇਖਾਂ ਭਲਾ ਕਿੰਨੇ ਕੁ ਨਿਆਣੇ ਜੰਮਣੇ ਨੇ ਤੂੰ।"

ਉਹ ਮੇਰੀ ਨਿਆਣੇ ਜੰਮਣ ਵਾਲੀ ਗੱਲ ਉੱਤੇ ਬਹੁਤਾ ਹੱਸੀ ਅਤੇ ਕਿਹਾ..

"ਹੱਥ ਵੇਖ ਲੈਂਦੇ ਹੋ ਤੁਸੀਂ?"

"ਆਹੋ, ਮੈਂ ਜੋਤਿਸ਼ ਵਿਦਿਆ ਸਿੱਖੀ ਹੋਈ ਆ।"

"ਅੱਛਾ, ਕਿਸਤੋਂ?"

"ਲੈ ਦੱਸ, ਤੈਨੂੰ ਕਿਉਂ ਦੱਸਾ ਭਲਾ? ਤੇਰਾ ਕੀ ਪਤਾ ਉਸਤੋਂ ਹੱਥ ਪੜ੍ਹਾਉਣ ਚਲੀ ਜਾਵੇ। ਫਿਰ ਮੇਰਾ ਤੇ ਕਾਰੋਬਾਰ ਠੱਪ ਹੋ ਗਿਆ ਨਾ।"

"ਹਾਹਾਹਾਹਹਾਹਹਾ... ਏਨੀ ਵਿਹਲੀ ਨੀ ਮੈਂ ਕਿ ਥਾਂ-ਥਾਂ ਹੱਥ ਦਿਖਾਉਂਦੀ ਫਿਰਾਂ।"

"ਓ ਮੈਨੂੰ ਤਾਂ ਦਿਖਾ ਬਾਬਾ।"

"ਲਵੋ-ਲਵੋ ਵੇਖੋ ਤੁਸੀਂ।"

ਉਸਨੇ ਆਪਣਾ ਹੱਥ ਮੇਰੇ ਵੱਲ ਵਧਾਇਆ ਅਤੇ ਬੜੀ ਹੀ ਉਤਸੁਕ ਹੋ ਗਈ ਆਪਣਾ ਭਵਿੱਖ ਜਾਣਨ ਲਈ। ਮੈਨੂੰ ਹੱਥ ਤਾਂ ਵੇਖਣਾ ਨਹੀਂ ਸੀ ਆਉਂਦਾ। ਪਰ ਗੱਲਾਂ ਦਾ ਕੜਾਹ ਜਰੂਰ ਕਰਨਾ ਆਉਂਦਾ ਸੀ। ਮੈਂ ਉਸਦੇ ਹੱਥ ਨੂੰ ਏਧਰ-ਓਧਰ ਨੂੰ ਘੁੰਮਾਉਂਦਾ ਹੋਇਆ ਲੱਗ ਪਿਆ ਗੱਲਾਂ ਦਾ ਕੜਾਹ ਕਰਨ। ਉਹ ਮੇਰੀਆਂ ਗੱਲਾਂ ਉੱਤੇ ਹੱਸੇ ਵੀ ਅਤੇ ਹੋਰ ਜਾਣਨ ਦੀ ਇੱਛਾ ਵੀ ਰੱਖੇ। ਮੈਂ ਤਾਂ ਬਸ ਉਸਦੇ ਹੱਥ ਨੂੰ ਛੂੰਹਦਾ ਅੰਦਰੋਂ-ਅੰਦਰੀਂ ਅਨੰਦ ਨਾਲ ਭਰ ਰਿਹਾ ਸੀ।

ਉਸਦੇ ਹੱਥ ਨੂੰ ਫੜੇ ਹੋਏ ਹੀ ਮੇਰੀ ਨਜ਼ਰ ਉਸਦੇ ਖੁੱਲ੍ਹੇ ਵਾਲਾਂ ਵਿਚਲੇ ਲੁਕੇ ਕੰਨ ਉੱਤੇ ਪਈ ਜਿਸਤੇ ਕੋਈ ਕੱਟ ਲੱਗਿਆ ਹੋਇਆ ਸੀ। ਮੈਂ ਕੰਨ ਨੂੰ ਫੜ੍ਹਦੇ ਹੋਏ ਕਿਹਾ..

"ਆਹ ਕੀ ਹੋਇਆ ਕੰਨ ਤੇ?"

"ਕੁਝ ਨਹੀਂ ਬਸ ਆਪਰੇਸ਼ਨ ਹੋਇਆ ਸੀ ਨਿੱਕਾ ਜਿਹਾ। ਦੱਸਿਆ ਤਾਂ ਸੀ ਤੁਹਾਨੂੰ।"

"ਹਾਂ-ਹਾਂ, ਯਾਦ ਆ ਗਿਆ।"

ਮੈਨੂੰ ਯਾਦ ਸੀ। ਉਸਦੀ ਕੱਲੀ-ਕੱਲੀ ਗੱਲ। ਮੈਂ ਤਾਂ ਬਸ ਉਸਨੂੰ ਛੂੰਹਣ ਦੇ ਬਹਾਨੇ ਭਾਲ ਰਿਹਾ ਸੀ। ਮੇਰੀ ਘੁੰਮਦੀ ਅੱਖ ਨੂੰ ਵੇਖ ਉਸਨੇ ਆਖ ਹੀ ਦਿੱਤਾ..

"ਕਿਉਂ ਐਵੇਂ ਬਹਾਨੇ ਬਣਾ ਰਹੇ ਹੋ ਹੱਥ ਲਾਉਣ ਦੇ। ਉਂਝ ਹੀ ਛੂਹ ਲਵੋ ਜਿੱਥੇ ਜੀਅ ਕਰਦਾ। ਮੈਂ ਰੋਕਿਆ ਏ ਤੁਹਾਨੂੰ?"

"ਨਹੀਂ-ਨਹੀਂ ਏਦਾਂ ਦਾ ਕੋਈ ਇਰਾਦਾ ਨਹੀਂ ਮੇਰਾ ਮੈਂ ਤਾਂ ਬਸ ਉਂਝ ਹੀ ਪੁੱਛਦਾ ਸੀ ਤੈਨੂੰ।"

ਮੈਂ ਖੁਦ ਨੂੰ ਉਸਦੀਆਂ ਨਜ਼ਰਾਂ ਚੋਂ ਗਿਰਦੇ ਹੋਏ ਬਚਾਉਣ ਲਈ ਨਾਂਹ ਨੁੱਕਰ ਕੀਤੀ ਤਾਂ ਉਹ ਬੋਲੀ..

"ਤੁਸੀਂ ਉਹ ਕਹਾਵਤ ਨਹੀਂ ਸੁਣੀ? ਹਰ ਕਿਤਾਬ ਨੂੰ ਪਤਾ ਹੁੰਦਾ ਕਿ ਪੜ੍ਹਨ ਵਾਲਾ ਉਸਨੂੰ ਕਿਸ ਨਜ਼ਰ ਨਾਲ ਪੜ੍ਹ ਰਿਹਾ ਏ, ਤੇ ਕੁੜੀ ਨੂੰ ਵੀ।"

ਉਸਦੀ ਗੱਲ ਸੁਣਦੇ ਹੀ ਮੈਂ ਸ਼ਰਮਸਾਰ ਹੋਇਆ ਅਤੇ ਚੁੱਪ ਰਿਹਾ ਤਾਂ ਉਹ ਬੋਲੀ..

"ਮੈਨੂੰ ਪੜ੍ਹਨ ਲਈ ਤੁਹਾਨੂੰ ਬਹਾਨਿਆਂ ਦੀ, ਮੇਰੀ ਇਜ਼ਾਜਤ ਦੀ ਲੋੜ ਨਹੀਂ। ਤੁਸੀਂ ਜਿਸ ਅੱਖ ਨਾਲ ਜਦੋਂ ਚਾਹੇ ਪੜ੍ਹ ਸਕਦੇ ਹੋ।"

"ਠੀਕ ਆ ਜੀ।"

ਅਸੀਂ ਖਾਲਸਾ ਕਾਲਜ ਦੀ ਬਣੀ ਪਾਰਕਿੰਗ ਵਿੱਚ ਲੱਗੇ ਇੱਕ ਵਿਸ਼ਾਲ ਬੋਹੜ ਦੇ ਥੜੇ ਉੱਤੇ ਬੈਠੇ ਹੋਏ ਸੀ। ਵਕਤ ਦੀ ਕਮੀ ਸੀ ਇਸ ਕਾਰਨ ਅਸੀਂ ਬਹੁਤੀਆਂ ਗੱਲਾਂ ਨਹੀਂ ਸੀ ਕਰ ਪਾਏ। ਪਰ ਸਾਡੀ ਉਸ ਡੇਢ ਕੁ ਘੰਟੇ ਦੀ ਮੁਲਾਕਾਤ ਨੇ ਸਾਡੇ ਦੋਨਾਂ ਦੇ ਮਨ ਉੱਤੇ ਖਾਸਾ ਪ੍ਰਭਾਵ ਪਾਇਆ ਸੀ। ਉਸ ਦਿਨ ਅਸੀਂ ਘਰ ਅਪੜਣ ਪਿੱਛੋਂ ਰਾਤ ਦੇ ਤਿੰਨ ਵਜੇ ਤੱਕ ਗੱਲਬਾਤ ਕੀਤੀ ਹੋਣੀ ਏ। ਸੱਚਮੁੱਚ ਇਸ਼ਕ ਹੋ ਗਿਆ ਲੱਗਦਾ ਸੀ ਉਸਨੂੰ ਮੇਰੇ ਨਾਲ। ਖੈਰ ਮੈਨੂੰ ਤਾਂ ਹੈ ਹੀ ਸੀ। ਪਰ ਉਸ ਦਿਨ ਮੈਨੂੰ ਉਸਦੇ ਮੇਰੇ ਨਾਲ ਇਸ਼ਕ ਬਾਰੇ ਵੀ ਯਕੀਨ ਹੋ ਗਿਆ।

ਪਰ ਇਸ਼ਕ ਸੀ ਤਾਂ ਫਿਰ ਉਹ ਘੱਟ ਕਿਵੇਂ ਗਿਆ? ਮੈਂ ਤਾਂ ਸੁਣਿਆ ਏ ਇਸ਼ਕ ਕਦੇ ਵੀ ਘੱਟਦਾ ਨਹੀਂ ਜਿੱਥੇ ਇਕ ਵਾਰ ਪੈ ਜਾਵੇ ਫਿਰ ਉਸਦੇ ਇਸ਼ਕ ਵਿੱਚ ਗਿਰਾਵਟ ਆਉਣ ਦਾ ਕਾਰਨ ਮੈਨੂੰ ਸਮਝ ਵਿੱਚ ਨਹੀਂ ਆਇਆ। ਹੁਣ ਤਾਂ ਮੈਨੂੰ ਇੰਝ ਲੱਗਦਾ ਹੈ ਜਿਵੇਂ ਬਸ ਉਹ ਦਿਖਾਵੇ ਹੀ ਕਰਦੀ ਰਹੀ ਹੋਵੇ ਇਸ਼ਕ ਹੋਣ ਦੇ। ਪਰ ਕਿਉਂ? ਇਹ ਸਵਾਲ ਦਾ ਜੁਆਬ ਵੀ ਸਿਰਫ ਉਸ ਕੋਲ ਹੀ ਹੈ।

ਖੈਰ ਉਸਨੂੰ ਯਾਦ ਕਰਦਿਆਂ ਸਾਢੇ ਕੁ ਚਾਰ ਵਜੇ ਨੀਂਦ ਆਈ ਅਤੇ ਅੱਠ ਵਜੇ ਅੱਖ ਖੁੱਲ੍ਹੀ। ਉਸਦਾ ਪ੍ਰਭਾਵ ਏਨਾਂ ਜਿਆਦਾ ਸੀ ਕਿ ਇਹਨਾਂ ਤਿੰਨ ਚਾਰ ਘੰਟਿਆਂ ਦੀ ਨੀਂਦ ਵਿੱਚ ਵੀ ਓਹੀ ਦਿਖਾਈ ਦਿੰਦੀ ਰਹੀ। ਚੰਦਰੀ ਨੇ ਪੱਕਾ ਡੇਰਾ ਲਾ ਲਿਆ ਲੱਗਦਾ

ਸੀ। ਮੈਂ ਉੱਠਿਆ ਅਤੇ ਨਹਾ-ਧੋ ਪਾਠ ਕੀਤਾ, ਅਤੇ ਚਾਹ ਪਾਣੀ ਪੀ ਤਿਆਰ ਹੋ ਮੋਟਰਸਾਇਕਲ ਚੱਕ ਭੂਆ ਦੇ ਪਿੰਡ ਨੂੰ ਤੁਰ ਪਿਆ। ਉੱਥੇ ਵਿਆਹ ਸੀ ਭੂਆ ਦੇ ਮੁੰਡੇ ਦਾ। ਮੈਂ ਸੋਚਿਆ ਕਿ ਚੱਲ ਰੌਣਕ ਵਿੱਚ ਜਾ ਕੇ ਮਨ ਕਿਸੇ ਹੋਰ ਪਾਸੇ ਲੱਗ ਜਾਊ ਤਾਂ ਥੋੜ੍ਹੀ ਰਾਹਤ ਮਿਲਜੂ। ਪਰ ਤਸਵੀਰਾਂ ਰਾਹਤ ਨਹੀਂ ਬੇਚੈਨੀਆਂ ਪ੍ਰਦਾਨ ਕਰਦੀਆਂ ਨੇ। ਵਾਰ-ਵਾਰ ਜੇਬ 'ਚੋਂ ਫ਼ੂਨ ਕੱਢ ਉਸਦੀ ਤਸਵੀਰ ਵੇਖਦਾ ਅਤੇ ਭਰੇ ਪਏ ਮਨ ਨੂੰ ਸ਼ਾਂਤ ਰੱਖਣ ਦੀ ਜੱਦੋ-ਜ਼ਹਿਦ ਕਰਦਾ। ਭੂਆ ਪਿੰਡ ਪਹੁੰਚਿਆਂ ਤਾਂ ਸਭ ਮੈਨੂੰ ਵੇਖ ਖੁਸ਼ ਹੋਏ। ਉੱਥੇ 2 3 ਜਣੇ ਬੂੰਦੀ ਕੱਢਣ ਵਿੱਚ ਮਸ਼ਰੂਫ ਸਨ ਅਤੇ ਬਹੁਤੇ ਸ਼ਰਾਬ ਕੱਢਣ ਵਾਲਿਆਂ ਦੇ ਆਸੇ-ਪਾਸੇ ਘੇਰਾ ਬਣਾਈ ਖੜੇ ਸੀ। ਵਿਆਹ ਦੇ ਕਾਰਨ ਘਰੇ ਹੀ ਦੇਸੀ ਸ਼ਰਾਬ ਦੀ ਭੱਠੀ ਲਾਈ ਹੋਈ ਸੀ। ਬੜੇ ਲੰਮੇ ਅਰਸੇ ਪਿੱਛੋਂ ਮੈਨੂੰ ਸ਼ਰਾਬ ਦੀ ਲੱਗੀ ਭੱਠੀ ਵੇਖਣ ਨੂੰ ਮਿਲੀ। ਮੈਂ ਪੀਂਦਾ ਤਾਂ ਨਹੀਂ ਹਾਂ ਪਰ ਫਿਰ ਵੀ ਉਸ ਦਿਨ ਉਬਾਲੇ ਮਾਰਦੀ ਸ਼ਰਾਬ ਦੀ ਮਹਿਕ ਮੈਨੂੰ ਚੰਗੀ ਲੱਗ ਰਹੀ ਸੀ। ਮੈਂ ਭੱਠੀ ਦੇ ਕੋਲ ਹੀ ਕੁਰਸੀ ਡਾਹ ਬੈਠ ਗਿਆ। ਭੱਠੀ ਵਿੱਚੋਂ ਨਿਕਲਦਾ ਧੂੰਆਂ ਜਿਵੇਂ ਮੈਨੂੰ ਅੰਦਰੋਂ ਰਾਹਤ ਬਖਸ਼ ਰਿਹਾ ਹੋਵੇ। ਉਸ ਵਕਤ ਇਹੀ ਲੱਗਦਾ ਸੀ।

ਚਾਹ ਪਾਣੀ ਉੱਥੇ ਬੈਠਿਆ ਹੀ ਮੇਰੇ ਕੋਲ ਆ ਗਿਆ। ਤੱਤੀ-ਤੱਤੀ ਨਿਕਲਦੀ ਬੂੰਦੀ ਅਤੇ ਸ਼ੱਕਰਪਾਰਿਆਂ ਨੇ ਜਿਵੇਂ ਸ਼ਰਾਬ ਦੀ ਮਹਿਕ ਨਾਲ ਹੋਈ ਮਸਤੀ ਨੂੰ ਵਧਾ ਦਿੱਤਾ ਹੋਵੇ। ਮੈਂ ਉੱਥੇ ਲਗਭਗ ਸਾਰਾ ਦਿਨ ਰਿਹਾ ਅਤੇ ਭੂਆ ਪੁੱਤ ਦੇ ਜ਼ੋਰ ਦੇਣ ਕਾਰਨ ਰਾਤ ਵੀ ਉੱਥੇ ਹੀ ਪੈ ਗਿਆ। ਅਗਲੇ ਦੋ ਦਿਨ ਵਿਆਹ ਵਿੱਚ ਤਾਂ ਜਰੂਰ ਲੰਘੇ ਪਰ ਮੇਰੇ ਮਨ ਵਿੱਚ ਇੱਕ ਪਲ ਲਈ ਭਟਕਣ ਨੂੰ ਰਾਹਤ ਨਾ ਮਿਲੀ। ਮੈਨੂੰ ਨਾ ਤਾਂ ਸੌਣ ਵੇਲੇ ਚੈਨ ਆਉਂਦਾ ਅਤੇ ਨਾ ਹੀ ਜਾਗਦੇ। ਹਰ ਵੇਲੇ ਦਿਮਾਗ ਉੱਤੇ ਇੱਕ ਬੋਝ ਜਿਹਾ ਬਣਿਆ ਪਿਆ ਸੀ। ਮਨ ਵਿੱਚ ਅਣਗਿਣਤ ਸਵਾਲ ਜਿੰਨ੍ਹਾਂ ਦੇ ਜੁਆਬ ਸ਼ਾਇਦ ਮੈਂ ਜਾਣਦਾ ਸੀ ਪਰ ਫਿਰ ਵੀ ਉਹਨਾਂ ਦੀ ਤਲਾਸ਼ ਮੇਰੇ ਮਨ ਨੂੰ ਸੋਚਣ ਤੇ ਮਜਬੂਰ ਕਰਦੀ ਜਾ ਰਹੀ ਸੀ। ਏਨਾਂ ਬੇ-ਵੱਸ ਮੈਂ ਖੁਦ ਨੂੰ ਕਦੇ ਵੀ ਨਹੀਂ ਸੀ ਮਹਿਸੂਸ ਕੀਤਾ। ਵਿਆਹ ਵੇਖ ਮੈਂ ਕਿੰਨੇ ਦਿਨ ਬਸ ਘਰੇ ਪਿਆ ਰਿਹਾ। ਸੌਂ ਲੈਣਾ, ਨਹਾ ਲੈਣਾ, ਖਾ ਲੈਣਾ, ਲਿਖ ਲੈਣਾ ਜਾਂ ਕਦੇ-ਕਦਾਈ ਪੜ੍ਹ ਲੈਣਾ ਇਹੀ ਨਿਤ ਦੇ ਨੇਮ ਸਨ ਮੇਰੇ।

**(2)**

ਇੱਕ ਰੋਜ਼ ਮੈਂ 2 ਕੁ ਵਜੇ ਦੇ ਕਰੀਬ ਦਿਨ ਵੇਲੇ ਹੀ ਸੌਂ ਗਿਆ। ਕੋਈ ਖਾਸ ਕੰਮ ਨਹੀਂ ਸੀ ਕਰਨ ਲਈ। ਮਨ ਨੂੰ ਥੋੜ੍ਹਾ ਅਰਾਮ ਦੇਣ ਲਈ ਮੈਂ ਲੰਮੇ ਪਿਆ ਤਾਂ, ਪੈਂਦਿਆਂ ਸਾਰ ਹੀ ਨੀਂਦ ਆ ਗਈ। ਨੀਂਦ ਵਿੱਚ ਮਨ ਇੱਕ ਜਗ੍ਹਾ ਨਹੀਂ ਟਿੱਕਦਾ। ਸੁਪਨੇ ਇੰਝ ਆਉਂਦੇ ਨੇ ਕਿ ਕਿਸੇ ਵਕਤ ਤੁਸੀਂ ਭੱਜ ਕਿਸੇ ਹੋਰ ਦੇ ਪਿੱਛੇ ਰਹੇ ਹੁੰਦੇ ਹੋ ਅਤੇ ਸਾਹਮਣੇ ਕੋਈ ਹੋਰ ਆ ਜਾਂਦਾ ਹੈ, ਅਤੇ ਇੰਝ ਲੱਗਦਾ ਜਿਵੇਂ ਏਸੇ ਦੀ ਤਲਾਸ਼ ਹੋ ਰਹੀ ਸੀ। ਕਿਸੇ ਵਕਤ ਲੱਗਦਾ ਕਿ ਬਸ ਹੁਣ ਆਪਾਂ ਮਰਨ ਹੀ ਵਾਲੇ ਹਾਂ ਪਰ ਅਫਸੋਸ ਸੁਪਨੇ 'ਚ ਕਦੇ ਕੋਈ ਮਰਦਾ ਨਹੀਂ, ਹਮੇਸ਼ਾ ਉਹ ਚੀਜ਼ਾਂ ਹੁੰਦੀਆਂ ਨੇ ਜੋ ਸ਼ਾਇਦ ਕਦੇ ਅਸਲੀਅਤ ਵਿੱਚ ਹੋਣੀਆ ਸੰਭਵ ਨਹੀਂ ਹੁੰਦੀਆਂ। ਕਿਸੇ ਵੇਲੇ ਮਨ ਸਵਰਗਾਂ ਦੀ ਸੈਰ 'ਚ ਮਸ਼ਰੂਫ ਹੁੰਦਾ ਅਤੇ ਪਲਕ ਝਪਕਦੇ ਹੀ ਨਰਕਾਂ ਦੇ ਮੰਡਲਾਂ ਵਿੱਚ ਆ ਡਿੱਗਦਾ। ਏਵੇਂ ਦਾ ਉਸ ਵਕਤ ਕੁਝ ਮੇਰੇ ਨਾਲ ਹੋਇਆ। ਮੈਂ ਸੁਪਨਾ ਕਿਸੇ ਹੋਰ ਨਜ਼ਾਰੇ ਦਾ ਦੇਖ ਰਿਹਾ ਸੀ ਕਿ ਇੱਕ ਦਮ ਖਿਆਲ ਦਾ ਘੁਮਾਵ ਸ਼ਹਿਨਾਜ ਤਰਫ ਹੋ ਗਿਆ।

ਉਸਦਾ ਸੁਪਨਾ ਪਹਿਲੀ ਵਾਰ ਨਹੀਂ ਸੀ ਆਇਆ। ਹਰ ਵਕਤ ਆਉਂਦਾ ਹੈ ਪਰ ਜੋ ਉਸ ਦਿਨ ਹੋਇਆ ਸ਼ਾਇਦ ਹੀ ਕਦੇ ਹੋਇਆ ਹੋਵੇ। ਮੈਂ ਆਪਣੇ ਆਪ ਵਿੱਚ ਮਸਤ ਸੀ ਕਿ ਇੱਕ ਦਮ ਉਹ ਨਜ਼ਰੀਂ ਪੈ ਗਈ। ਉਸਨੂੰ ਦੇਖਦੇ ਸਾਰ ਹੀ ਮੈਂ ਉਸਦੀ ਤਰਫ ਭੱਜਾ ਅਤੇ ਉਸਦਾ ਨਾਂਅ ਲੈਂਦੇ ਹੋਏ ਉਸਨੂੰ ਰੋਕਣ ਲਈ ਆਵਾਜ਼ਾਂ ਲਗਾਈਆਂ। ਉਹ ਅੱਗੇ-ਅੱਗੇ ਅਤੇ ਮੈਂ ਉਸਦੇ ਪਿੱਛੇ-ਪਿੱਛੇ। ਜਾਮਨੀ ਰੰਗ ਦਾ ਸੂਟ ਪਾਇਆ ਹੋਇਆ ਸੀ ਉਸਨੇ, ਜਿਸਤੇ ਚਿੱਟੇ ਰੰਗ ਦੀਆਂ ਬੂਟੀਆਂ ਵਾਲੀ ਕਢਾਈ ਅਤੇ ਗਲ ਚਿੱਟੇ ਰੰਗ ਦੀ ਚੁੰਨੀ ਸੀ। ਇੰਝ ਲੱਗ ਰਿਹਾ ਸੀ ਜਿਵੇਂ ਈਦ ਦਾ ਚੰਨ ਅੱਜ ਧਰਤੀ ਉੱਤੇ ਉੱਤਰ ਆਇਆ ਹੋਵੇ। ਮੈਂ ਉਸਦੀ ਖੂਬਸੂਰਤੀ ਦੀ ਖਿੱਚ ਕਾਰਨ ਉਸਦੇ ਪਿੱਛੇ ਭੱਜਦਾ ਉਸ ਵੱਲ ਵੱਧਦਾ ਜਾ ਰਿਹਾ ਸੀ। ਥਾਂ ਕਿਹੜੀ ਸੀ ਮੈਨੂੰ ਖਿਆਲ ਨਹੀਂ। ਕਿਉਂਕਿ ਖਿਆਲ ਥਾਂ ਦੀ ਤਰਫ ਘੱਟ ਅਤੇ ਉਸਦੀ ਤਰਫ ਵਧੇਰੇ ਸੀ। ਮੈਂ ਭੱਜ ਕੇ ਜਾ ਉਸ ਨੂੰ ਪਿੱਛੋਂ ਫੜ ਲਿਆ ਅਤੇ ਆਪਣੇ ਕਲਾਵੇ ਵਿੱਚ ਲੈਣ ਲੱਗਾ। ਉਸਨੇ ਰੋਸ ਜਤਾਉਂਦੇ ਹੋਏ ਮਸਾਂ ਹੀ ਦੋ ਚਾਰ ਪਲ ਨਖਰਾ ਕੀਤਾ, ਫਿਰ ਘੁੰਮਦੀ ਹੋਈ ਨੇ ਮੇਰੇ ਗਲ ਨੂੰ ਬਾਂਹਾਂ ਪਾ ਲਈਆਂ ਅਤੇ ਮੂੰਹੋਂ ਕੁਝ ਬੋਲੀ। ਕੀ ਬੋਲਿਆ ਮੈਨੂੰ ਯਾਦ ਨਾ ਰਿਹਾ। ਸੁਪਨਿਆਂ ਦੀਆਂ ਬਹੁਤੀਆਂ ਗੱਲਾਂ ਯਾਦ ਨਹੀਂ ਰਹਿੰਦੀਆਂ। ਜਿਉਂ ਹੀ ਉਹ ਘੁੰਮੀ ਮੈਂ ਮੁਆਫੀ ਪ੍ਰਗਟ ਕਰਦੇ ਹੋਏ ਉਸ ਨੂੰ ਬਾਂਹਾਂ ਵਿੱਚ ਘੁੱਟ ਲਿਆ ਅਤੇ ਪਤਾ ਹੀ ਨਾ ਲੱਗਾ ਕਦ ਉਸਦੇ ਹੇਠਲੇ ਬੁੱਲ੍ਹ ਨੂੰ ਆਪਣੇ ਬੁੱਲ੍ਹਾਂ ਵਿੱਚ

ਲੈ ਲਿਆ। ਉਸ ਅਹਿਸਾਸ ਨੂੰ ਲਫਜਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਮੈਂ ਜਿਉਂ ਹੀ ਉਸਦੇ ਬੁੱਲ੍ਹ ਨੂੰ ਚੁੰਮਿਆ ਮੈਨੂੰ ਉਹ ਸਕੂਨ ਮਿਲਿਆ ਜਿਸ ਦੀ ਮੈਂ ਕਦੇ ਕਲਪਨਾ ਵੀ ਨਹੀਂ ਸੀ ਕਰ ਸਕਦਾ। ਉਸ ਸਕੂਨ ਨੇ ਮੈਨੂੰ ਐਸਾ ਝਟਕਾ ਦਿੱਤਾ ਕਿ ਮੇਰੀ ਇੱਕ ਦਮ ਅੱਖ ਖੁੱਲ੍ਹ ਗਈ। ਮੈਂ ਉੱਠਿਆ ਅਤੇ ਕਰੀਬ 10-15 ਮਿੰਟ ਸੋਚਦਾ ਰਿਹਾ। ਕੀ ਸੀ ਇਹ ਸੁਪਨਾ? ਮੈਂ ਏਨਾਂ ਬੇ-ਵੱਸ ਜਿਹਾ ਮਹਿਸੂਸ ਕੀਤਾ ਅਤੇ ਅੰਦਰੋਂ ਏਨਾਂ ਟੁੱਟਿਆ ਕਿ ਕੁਝ ਵੀ ਨਾ ਸੁੱਝੇ। ਮੈਂ ਪਛਤਾ ਰਿਹਾ ਸੀ। ਨਹੀਂ ਜਾਣਦਾ ਕਿਉਂ?

ਮੈਂ ਬਿਸਤਰ ਤੋਂ ਉੱਠਿਆ ਅਤੇ ਮੂੰਹ-ਹੱਥ ਧੋ ਮੋਟਰਸਾਇਕਲ ਚੱਕ ਦਰਿਆ ਵੱਲ ਨੂੰ ਚਲਾ ਗਿਆ। ਮੇਰੀ ਮਾਂ ਮੈਨੂੰ ਪੁੱਛਦੀ ਰਹੀ ਕਿ ਕਿੱਧਰ ਚੱਲਿਆ ਏ ਤਾਂ ਮੈਂ ਬਿਨਾਂ ਕੋਈ ਜੁਆਬ ਦਿੱਤੇ ਕਾਹਲੀ ਨਾਲ ਘਰੋਂ ਨਿਕਲ ਗਿਆ। ਦਰਿਆ ਉੱਤੇ ਪਹੁੰਚਣ ਨੂੰ ਉਂਝ ਤਾਂ ਦੋ-ਤਿੰਨ ਮਿੰਟ ਹੀ ਲੱਗਦੇ ਨੇ ਪਰ ਸਾਰੇ ਪਿੰਡ ਵਿੱਚ ਨਾਲੀਆਂ ਦਾ ਪਾਣੀ ਬਾਹਰ ਕੱਢਣ ਲਈ ਨਾਲੇ ਪਾਏ ਜਾ ਰਹੇ ਸਨ। ਜਿਸ ਕਾਰਨ ਸਾਰੀ ਦੀ ਸਾਰੀ ਸੜਕ ਦੀ ਜੱਖਣਾ ਪੁੱਟੀ ਹੋਈ ਸੀ। ਕਿਉਂਕਿ ਨਾਲੇ ਤਾਂ ਕਿੰਨੇ ਚਿਰ ਦੇ ਪੈ ਚੁੱਕੇ ਸਨ ਪਰ ਸੜਕ ਨੂੰ ਠੀਕ ਕਰਨ ਵੱਲ ਕਿਸੇ ਦਾ ਵੀ ਧਿਆਨ ਨਹੀਂ ਸੀ। ਪੂਰੀ ਸੜਕ ਵਿੱਚ ਇੱਕ ਪਾਸੇ ਬਿਨਾਂ ਢੱਕਣ ਵਾਲੀਆਂ ਹੋਦੀਆਂ ਅਤੇ ਦੂਸਰੇ ਪਾਸੇ ਮਿੱਟੀ ਦੀਆਂ ਢੇਰੀਆਂ ਲੱਗੀਆਂ ਹੋਈਆਂ ਸਨ। ਡੇਡ ਦੋ ਕਿਲੋਮੀਟਰ ਦਾ ਇਹ ਰਾਹ ਦੋ ਚਾਰ ਮਿੰਟਾਂ ਦਾ ਹੋਣ ਦੀ ਬਜਾਇ ਪੰਦਰਾਂ-ਵੀਹ ਦਾ ਹੋ ਚੁੱਕਾ ਸੀ। ਮੈਂ ਹੌਲੀ-ਹੌਲੀ ਦੂਜੇ-ਤੀਜੇ ਗੇਅਰ ਵਿੱਚ ਮੋਟਰਸਾਇਕਲ ਰਾਹ ਥਾਣੀ ਕੱਢਿਆ ਅਤੇ ਪਾਰਕ ਵਿੱਚ ਪਹੁੰਚਿਆ। ਰਾਹ ਏਨਾਂ ਖਰਾਬ ਸੀ ਕਿ ਚੌਥੇ ਗੇਅਰ ਨੂੰ ਪਾਉਣ ਦਾ ਤਾਂ ਮੌਕਾ ਹੀ ਨਹੀਂ ਸੀ ਮਿਲਦਾ। ਖੈਰ ਮੈਂ ਮੋਟਰਸਾਇਕਲ ਖੁੱਲ੍ਹੀ ਜਿੰਮ ਵਾਲੀ ਪਾਰਕਿੰਗ ਵਿੱਚ ਲਗਾ, ਕੁਝ ਦੇਰ ਸੈਰ ਕੀਤੀ ਅਤੇ ਫਿਰ ਆਪਣੀ ਸਕੂਨ ਮਿਲਣ ਵਾਲੀ ਥਾਂ ਉੱਤੇ ਜਾ ਬੈਠਾ। ਇਹੀ ਉਹ ਥਾਂ ਸੀ ਜਿੱਥੇ ਮੈਨੂੰ ਸਾਰੀ ਦੁਨੀਆ ਤੋਂ ਭੱਜਣ ਪਿੱਛੋਂ ਇੱਕ ਰਾਹਤ ਵਾਲੀ ਥਾਂ ਮਿਲਦੀ ਸੀ। ਜਿੱਥੇ ਮੈਂ ਇਕੱਲਾ ਕਈ ਘੰਟਿਆਂ ਬੱਧੀ ਸਕੂਨ ਦਾ, ਦਰਦ ਦਾ, ਪਿਆਰ ਦਾ ਅਨੰਦ ਮਾਣ ਸਕਦਾ ਸੀ। ਸੋ ਮੈਂ ਬੈਠਾ ਆਸ-ਪਾਸ ਦੇ ਮਾਹੌਲ ਨੂੰ ਦੇਖਣ ਲੱਗਾ ਅਤੇ ਸੁਪਨੇ ਦੇ ਉਸ ਅਹਿਸਾਸ ਭਰੇ ਖਿਆਲ ਨੂੰ ਢੋਈ ਲਾਉਣ ਦੀ ਕੋਸ਼ਿਸ਼ ਕਰਨ ਲੱਗਾ। ਸਮਾਂ ਕਰੀਬ ਪੌਣੇ ਕੁ ਪੰਜ ਦਾ ਹੋਵੇਗਾ। ਮੈਂ ਕੁਝ ਦੇਰ ਬੈਠਾ ਅਤੇ ਫਿਰ ਦਰਿਆ ਦੇ ਨਾਲ ਬਣੀ ਪੱਥਰਾਂ ਦੀ ਪਗਡੰਡੀ ਉੱਤੇ ਚੱਲਣ ਲੱਗਾ। ਦਰਿਆ ਦਾ ਵੱਗਦਾ ਪਾਣੀ ਮੈਨੂੰ ਸ਼ਾਂਤ ਰੱਖਣ ਦੀਆਂ ਵਿਉਂਤਾ ਘੜਦਾ ਜਾਪਦਾ ਸੀ। ਆਸ-ਪਾਸ ਰੁੱਖਾਂ ਦੀ ਭਰਮਾਰ ਹੋਣ ਕਾਰਨ ਹਵਾ ਦੀ ਸਰ-ਸਰ ਕਰਦੀ ਆਵਾਜ਼, ਪੰਛੀਆਂ ਦੇ ਚਹਿਕਣ ਦੀਆਂ ਆਵਾਜ਼ਾਂ ਮੇਰੇ ਕੰਨਾਂ ਨੂੰ ਅਨਹਦ ਨਾਦ ਦੀ ਤਰ੍ਹਾਂ ਪ੍ਰਤੀਤ ਹੋ ਰਹੀਆਂ ਸਨ। ਮੈਂ

ਇੱਕ ਦਮ ਮਸਤ ਸੀ। ਕੁਝ ਦੇਰ ਚੱਲਣ ਪਿੱਛੋਂ ਮੈਂ ਦਰਿਆ ਦੇ ਕੰਢੇ ਦੇ ਸਭ ਤੋਂ ਨੀਵੇਂ ਪੱਥਰਾਂ ਉੱਤੇ ਦਰਿਆ ਵੱਲ ਨੂੰ ਲੱਤਾਂ ਲੰਮਕਾ ਬੈਠ ਗਿਆ। ਉੱਥੇ ਬੈਠਿਆਂ ਮੈਨੂੰ ਠੰਡ ਲੱਗਦੀ ਸੀ ਪਰ ਸਵਾਦ ਵੀ ਖਾਸਾ ਆ ਰਿਹਾ ਸੀ।

ਵੱਗਦੇ ਪਾਣੀ ਉੱਤੇ ਅੱਖਾਂ ਗੱਡੀ ਮੈਂ ਕੁਦਰਤ ਦੀ ਸੁੰਦਰਤਾ ਨੂੰ ਆਪਣੇ ਅੰਦਰ ਸਮਾਉਣ ਦੀ ਜੱਦੋ-ਜ਼ਹਿਦ ਵਿੱਚ ਸੀ ਕਿ ਪਿੱਛੋਂ ਮੇਰੇ ਮੋਢਿਆਂ ਤੋਂ ਕਿਸੇ ਨੇ ਫੜ ਮੈਨੂੰ ਝਟਕਾ ਜਿਹਾ ਦਿੱਤਾ। ਜਿਵੇਂ ਕੋਈ ਮੈਨੂੰ ਦਰਿਆ ਵਿੱਚ ਧੱਕਣ ਲੱਗਾ ਹੋਵੇ। ਮੇਰੀ ਕੁਦਰਤ ਦੇ ਅਲੌਕਿਕ ਰੂਪ ਤੋਂ ਇੱਕ ਦਮ ਸੁਰਤ ਟੁੱਟੀ ਅਤੇ ਖੁਦ ਨੂੰ ਡਿੱਗਣ ਤੋਂ ਸੰਭਾਲਦੇ ਹੋਏ ਕਾਹਲੀ ਨਾਲ ਬੈਠਿਆਂ ਹੀ ਹੱਥ ਹੇਠਾਂ ਪੱਥਰਾਂ ਨੂੰ ਪਾ ਪਿਛਾਂਹ ਨੂੰ ਘੁੰਮ ਕੇ ਵੇਖਿਆ। ਮੈਂ ਇਕਦਮ ਡਰ ਗਿਆ ਸੀ। ਧਕੇਲਣ ਵਾਲੀ ਨੇ ਜਲਦੀ ਨਾਲ ਆਪਣਾ ਹੱਥ ਪਿਛਾਂਹ ਖਿੱਚਿਆ ਅਤੇ ਉੱਚੀ-ਉੱਚੀ ਹੱਸਣ ਲੱਗੀ। ਮੈਂ ਦੇਖਿਆ ਤਾਂ ਇਹ ਓਹੀ ਕੁੜੀ ਸੀ ਜੋ ਕੁਝ ਦਿਨ ਪਹਿਲਾਂ ਮੈਨੂੰ ਏਥੇ ਹੀ ਮਿਲੀ ਸੀ। ਜਿਸ ਦਾ ਮਿਜ਼ਾਜ਼ ਕੁਝ ਰੌਣਕੀ ਸੀ ਅਤੇ ਅਣਜਾਣ ਹੁੰਦੇ ਵੀ ਖੁੱਲ੍ਹ ਕੇ ਗੱਲਾਂ ਕਰਦੀ ਸੀ। ਪਰ ਅੱਜ ਤਾਂ ਉਸਨੇ ਹੱਦ ਹੀ ਕਰ ਦਿੱਤੀ। ਏਦਾਂ ਕਿਸੇ ਅਣਜਾਣ ਨਾਲ ਕੌਣ ਕਰਦਾ ਭਲਾ! ਮੈਂ ਉਸ ਵੱਲ ਬੜਾ ਹੀ ਅਚਰਜ ਹੋ ਦੇਖ ਰਿਹਾ ਸੀ। ਇਸ ਤੋਂ ਪਹਿਲਾਂ ਕਿ ਮੈਂ ਉੱਠਦਾ ਉਸਨੇ ਫਿਰ ਤੋਂ ਮੇਰੇ ਮੋਢਿਆਂ ਉੱਤੇ ਹੱਥ ਰੱਖਦੇ ਹੱਸਦੇ ਹੋਏ ਆਖਿਆ..

"ਬੈਠੋ-ਬੈਠੋ.. ਏਨੀ ਛੇਤੀ ਨੀ ਡਿੱਗਦੇ ਤੁਸੀਂ।"

ਇਹ ਆਖ ਉਹ ਵੀ ਆਪ ਵੀ ਮਾਸਾ ਵਿੱਥ ਪਾ ਮੇਰੇ ਕੋਲ ਹੋ ਬੈਠ ਗਈ। ਮੈਨੂੰ ਕੁਝ ਵੀ ਨਾ ਸੁੱਝੀ ਕਿ ਮੈਂ ਉਸਨੂੰ ਕੀ ਆਖਾਂ। ਇੱਕ ਤਾਂ ਉਹ ਹੈ ਅਣਜਾਣ ਅਤੇ ਦੂਸਰੀ ਇੱਕ ਕੁੜੀ। ਕਿਸੇ ਹੋਰ ਨੇ ਇਹ ਸ਼ੈਤਾਨੀ ਕਰੀ ਹੁੰਦੀ ਤਾਂ ਹੁਣ ਨੂੰ ਉਸਦੇ ਗਲ਼ ਪੈ ਜਾਣਾ ਸੀ। ਪਰ ਪਤਾ ਨਹੀਂ ਕਿਉਂ ਉਸਨੂੰ ਕੁਝ ਵੀ ਆਖ ਨਹੀਂ ਪਾਇਆ। ਜਿਵੇਂ ਮੇਰੀ ਜੀਭ ਨੂੰ ਤੰਦੂਵੇ ਨੇ ਗੱਛ ਪਾ ਲਈ ਹੋਵੇ। ਇੱਕ ਸ਼ਬਦ ਤੱਕ ਜੁਬਾਨ ਤੋਂ ਨਾ ਫੁੱਟ ਹੋਇਆ। ਪਰ ਮੈਂ ਹੱਦ ਤੋਂ ਪਰੇ ਹੈਰਾਨ ਸੀ ਕਿ ਕੌਣ ਹੈ ਇਹ ਸ਼ੈਅ? ਜੋ ਮੇਰੇ ਨਾਲ ਇਹ ਸਲੂਕ ਕਰ ਰਹੀ ਹੈ। ਅਚਰਜ ਜਿਹਾ ਹੋਇਆ ਮੈਂ ਉਸ ਵੱਲ ਬਸ ਤੱਕਦਾ ਜਾ ਰਿਹਾ ਸੀ। ਉਹ ਫਿਰ ਤੋਂ ਬੋਲੀ..

"ਕੀ ਗੱਲ ਕਿਸੇ ਹੋਰ ਦੀ ਉਡੀਕ ਸੀ?"

ਇਹ ਕੀ ਸਵਾਲ ਹੋਇਆ? ਕੀ ਕਿਸੇ ਨਾਲ ਸ਼ੁਰੂਆਤੀ ਤੌਰ ਤੇ ਗੱਲ ਕਰਨ ਲਈ ਕੋਈ ਇਹ ਸਵਾਲ ਕਰਦਾ ਹੈ? ਮੈਂ ਕੀ ਜੁਆਬ ਦੇਵਾਂ ਸਮਝ ਵਿੱਚ ਨਾ ਆਵੇ। ਮੈਂ ਕੁਝ

ਪਲ ਸੋਚਿਆ ਅਤੇ ਇੰਝ ਲੱਗਾ ਜਿਵੇਂ ਜੁਆਬ ਸੋਚਣ ਵਿੱਚ ਸਦੀਆਂ ਲੰਘਾ ਦਿੱਤੀਆਂ ਹੋਣ। ਮੈਂ ਆਖਿਆ..

"ਨਹੀਂ ਤਾਂ"

"ਫਿਰ ਮੈਨੂੰ ਦੇਖ ਏਨੇ ਚਕਾ ਚੌਂਦ ਜਿਹੇ ਕਿਉਂ ਹੋ ਗਏ?"

ਉਸਨੇ ਸ਼ਰਾਰਤ ਭਰੇ ਲਹਿਜ਼ੇ ਵਿੱਚ ਆਖਿਆ।

"ਨਹੀਂ ਤੁਸੀਂ ਜਿਵੇਂ ਸ਼ਰਾਰਤ ਕੀਤੀ, ਮੈਂ ਇੱਕ ਦਮ ਡਰ ਗਿਆ ਸੀ।"

"ਏਨਾ ਡਰ ਲੱਗਦਾ ਏ ਮਰਨ ਤੋਂ?"

ਉਸਨੇ ਫਿਰ ਤੋਂ ਚਿਹਰੇ ਉੱਤੇ ਮੁਸਕਾਨ ਨੂੰ ਖੇੜਿਆ ਅਤੇ ਸਵਾਲ ਕੀਤਾ।

"ਮੌਤ ਤੋਂ ਕਿਸਨੂੰ ਡਰ ਨਹੀਂ ਲੱਗਦਾ? ਕੋਈ ਜਿੰਨ੍ਹਾ ਮਰਜੀ ਆਖੇ ਕਿ ਉਸਨੂੰ ਮੌਤ ਦਾ ਡਰ ਨਹੀਂ ਪਰ ਸਾਹਮਣੇ ਆਈ ਦੇਖ ਮਿਣਤਾਂ ਨਿਕਲਦੀਆਂ ਨੇ।"

ਉਸਨੇ ਹੱਸਦੇ ਹੋਇਆ ਕਿਹਾ...

"ਫਿਰ ਤਾਂ ਤੁਸੀਂ ਡਰਪੋਕ ਇਨਸਾਨ ਮਲੂਮ ਹੁੰਦੇ ਹੋ।"

ਉਸਨੇ ਚਿਹਰੇ ਦੀ ਸ਼ਰਾਰਤੀ ਬਨਾਵਟ ਬਣਾਉਂਦੇ ਆਖਿਆ।

"ਹਾਂ.. ਥੋੜ੍ਹਾ ਜਿਹਾ ਹਾਂ ਸ਼ਾਇਦ। ਤੁਸੀਂ ਵੀ ਜਰੂਰ ਹੋਵੋਗੇ!"

"ਮੈਨੂੰ ਵੇਖ ਕੇ ਲੱਗਦਾ ਮੈਨੂੰ ਕਿਸੇ ਚੀਜ਼ ਦਾ ਡਰ ਹੋਵੂ?"

ਉਸਨੇ ਮੂੰਹ ਉੱਤੇ ਗੁੱਸਾ ਪ੍ਰਗਟਾਉਂਦੇ ਹੋਏ ਆਖਿਆ।

ਉਸਦੇ ਹਾਵ-ਭਾਵ ਵੇਖ ਮੈਂ ਦਚੁੱਤੀ ਵਿੱਚ ਸੀ ਕਿ ਅੱਜ ਤੋਂ ਪਹਿਲਾਂ ਮੈਂ ਕਦੇ ਇਸ ਤਰ੍ਹਾਂ ਦੀ ਔਰਤ ਨਾਲ ਨਹੀਂ ਸੀ ਬੈਠਾ ਅਤੇ ਨਾ ਹੀ ਸਵਾਲ-ਜੁਆਬ ਕਰੇ ਸਨ। ਮੈਂ ਉਸਨੂੰ ਕੋਈ ਜੁਆਬ ਨਾ ਦਿੱਤਾ ਅਤੇ ਚੁੱਪ ਰਿਹਾ। ਉਸਨੇ ਮੇਰੇ ਵੱਲ ਤੱਕਦੇ ਹੋਏ ਜੁਆਬ ਦਾ ਇੰਤਜਾਰ ਕੀਤਾ ਇੱਕ-ਦੋ ਪਲ ਬਾਅਦ ਫਿਰ ਤੋਂ ਚਿਹਰੇ ਉੱਤੇ ਮੁਸਕਾਨ ਲਿਆਉਂਦੇ ਹੋਏ ਬੋਲੀ..

"ਵੈਸੇ ਅੱਜ ਮੌਸਮ 'ਚ ਮਿਠਾਸ ਕਾਫੀ ਹੈ। ਜਿਵੇਂ ਤਾਜਾ-ਤਾਜਾ ਸ਼ਹਿਦ ਛੱਤੇ ਤੋਂ ਚੋਅ ਹਵਾ ਵਿੱਚ ਘੋਲ ਦਿੱਤਾ ਹੋਵੇ।"

ਫਿਰ ਤੋਂ ਮੇਰੇ ਮਨ ਦੇ ਪ੍ਰਭਾਵ ਅਧੀਨ ਹੋਏ ਮੌਸਮ ਦੀ ਅਵਸਥਾ ਉੱਤੇ ਬਿਆਨਬਾਜੀ। ਕੁੜੀ ਮੈਨੂੰ ਹੈਰਾਨ ਪ੍ਰੇਸ਼ਾਨ ਕਰ ਰਹੀ ਸੀ। ਮੇਰੇ ਮਨ ਦੀ ਗੱਲ ਕਰਦੀ ਜਾਪਦੀ ਸੀ ਜਾਂ ਫਿਰ ਸੱਚ-ਮੁੱਚ ਹੀ ਕੁਦਰਤੀ ਲਹਿਜ਼ੇ ਦੀ। ਉਸਦੀ ਜੁਬਾਨ 'ਚੋਂ ਨਿਕਲਿਆ ਹਰ ਬੋਲ ਮੈਨੂੰ ਭੰਬਲਭੂਸੇ ਵਿੱਚ ਪਾਉਂਦਾ ਜਾ ਰਿਹਾ ਸੀ। ਮੈਂ ਬਹੁਤਾ ਨਾ ਸੋਚਿਆ ਅਤੇ ਆਖਿਆ..

"ਮੈਨੂੰ ਇੰਝ ਕਿਉਂ ਲੱਗਦਾ ਜਿਵੇਂ ਤੁਸੀਂ ਮੌਸਮ ਨਹੀਂ ਮੇਰੇ ਮਨ ਬਾਰੇ ਗੱਲ ਕਰ ਰਹੇ ਹੋਵੋ।"

ਉਹ ਥੋੜਾ ਜਿਹੀ ਹੱਸੀ ਤੇ ਬੋਲੀ...

"ਹਰ ਕੋਈ ਆਪਣੀ ਗੱਲ ਆਪਣੇ ਅਹਿਸਾਸ ਤਲੇ ਆਖਦਾ ਹੈ। ਬਾਕੀ ਸੁਣਨ ਵਾਲੇ ਤੇ ਨਿਰਭਰ ਕਰਦਾ ਹੈ ਕਿ ਉਹ ਉਸ ਗੱਲ ਨੂੰ ਕਿਸ ਭਾਵ ਦੀ ਤਰ੍ਹਾਂ ਧਾਰਨ ਕਰਦਾ।"

ਉਸਨੇ ਮੇਰੀ ਗੱਲ ਦੇ ਜੁਆਬ ਨੂੰ ਘੁੰਮਾ ਫਿਰਾ ਆਖ ਸੁਣਾਇਆ। ਜਿਸਦਾ ਅਸਲ ਭਾਵ ਸਮਝਣਾ ਸ਼ਾਇਦ ਕਾਫੀ ਮੁਸ਼ਕਿਲ ਜਾਪਦਾ ਸੀ। ਮੈਂ ਗੱਲ ਨੂੰ ਬਦਲਦੇ ਹੋਏ ਆਖਿਆ..

"ਜਾਣ ਸਕਦਾ ਤੁਹਾਡਾ ਨਾਂਅ ਕੀ ਏ? ਕਿੱਥੋਂ ਆਏ ਤੇ ਏਥੇ ਕਿਵੇਂ?"

ਉਹ ਫਿਰ ਤੋਂ ਹੱਸੀ ਤੇ ਬੋਲੀ...

"ਇੱਕੋ ਦਮ ਏਨੇ ਸਵਾਲ? ਮੁਜ਼ਰਿਮ ਹਾਂ ਜੋ ਏਵੇਂ ਪੁੱਛ ਰਹੇ?"

ਉਸਨੇ ਚਿਹਰੇ ਨੂੰ ਫਿਰ ਤੋਂ ਸ਼ਰਾਰਤੀ ਬਨਾਵਟ ਦਿੰਦੇ ਹੋਏ ਆਖਿਆ ਅਤੇ ਮੇਰੇ ਵੱਲ ਅੱਖਾਂ ਭਰ ਕੇ ਵੇਖਿਆ..

"ਨਹੀਂ ਨਹੀਂ.. ਮੈਂ ਕਦ ਏਵੇਂ ਕਿਹਾ। ਬਸ ਜਾਣਨਾ ਚਾਹੁੰਦਾ ਹਾਂ ਕਿ ਕੌਣ ਹੋ ਤੁਸੀਂ?"

"ਰੱਬ ਹਾਂ ਮੈਂ। ਅੰਬਰਾਂ ਤੋਂ ਆਈ ਹਾਂ।"

ਰੱਬ! ਮੈਂ ਇੱਕ ਦਮ ਖਾਮੋਸ਼ ਹੋ ਗਿਆ ਅਤੇ ਹੈਰਾਨ ਵੀ। ਸਮਝ ਹੀ ਨਾ ਆਈ ਕਿ ਕੀ ਕਹਾਂ। ਮੇਰਾ ਦਿਲ ਇੱਕ ਦਮ ਰੁਕਿਆ ਜਿਹਾ ਜਾਪਿਆ। ਇਹ ਕੀ ਜੁਆਬ ਭਲਾ?

ਕੋਈ ਕੁੜੀ ਆਪਣੇ ਆਪ ਨੂੰ ਇੰਝ ਰੱਬ ਭਲਾ ਕਿੰਝ ਆਖ ਸਕਦੀ ਏ? ਰੱਬ ਕੋਈ ਖੇਡ ਏ ਭਲਾ? ਮੈਂ ਫਿਰ ਤੋਂ ਪੁੱਛਿਆ..

"ਰੱਬ?"

"ਆਹੋ ਇਹੀ ਆਖਣਾ ਤੁਸੀਂ ਜਦੋਂ ਆਪਣੀ ਸਾਂਝ ਵਧੀ। ਜੋ ਵੀ ਕੁੜੀ ਮਿਲਦੀ ਏ ਉਸਨੂੰ ਇਹੀ ਆਖਦੇ ਹੋਵੋਗੇ। ਕਿ ਤੂੰ ਮੇਰਾ ਰੱਬ ਏ। ਦੂਰ ਦੁਰਾਡੇ ਕਿਸੇ ਦੇਸ਼ ਤੋਂ ਆਈ ਲੱਗਦੀ ਏ। ਹਨਾਂ?"

ਇਹ ਆਖ ਉਹ ਮੁਸਕਰਾਈ। ਉਸਦੇ ਜੁਆਬ ਨੇ ਮੈਨੂੰ ਕੁਝ ਰਾਹਤ ਜਿਹੀ ਦਿੱਤੀ, ਮੈਂ ਹੱਸ ਪਿਆ ਅਤੇ ਬੋਲਿਆ..

"ਹਰ ਕਿਸੇ ਨੂੰ ਰੱਬ ਨੀ ਆਖਿਆ ਜਾ ਸਕਦਾ। ਵਿਰਲੇ ਹੀ ਹੁੰਦੇ ਨੇ ਜਿੰਨ੍ਹਾਂ ਨਾਲ ਦਿਲੋਂ ਸਾਂਝ ਵਧੇ ਜੋ ਰੱਬ ਦੇ ਫਰਕ ਨੂੰ ਮਿਟਾ ਦੇਣ, ਓਹੀ ਰੱਬ ਦੀ ਥਾਂ ਲੈਂਦੇ ਨੇ।"

"ਪਰ ਮੈਂ ਤਾਂ ਸੁਣਿਆ ਰੱਬ ਸਾਰਿਆਂ ਅੰਦਰ ਹੁੰਦਾ। ਜੇ ਰੱਬ ਸਾਰਿਆਂ ਅੰਦਰ ਹੋਇਆ ਤਾਂ ਫਿਰ ਹਰ ਕੋਈ ਰੱਬ ਹੋਇਆ। ਏਥੇ ਮਤਭੇਦ ਫਿਰ ਕਿਸ ਗੱਲ ਦਾ? ਜਾਂ ਫਿਰ ਤਨ ਦੇ ਉਭਾਰਾਂ ਵਿੱਚ, ਤਨ ਦੀ ਚੰਗੀ ਬਨਾਵਟ ਵਿੱਚ ਹੀ ਰੱਬ ਪ੍ਰਤੱਖ ਦਿਖਾਈ ਦਿੰਦਾ ਤੁਹਾਨੂੰ?"

ਉਸਨੇ ਬੜੇ ਡੂੰਘੇ ਅਰਥਾਂ ਦੇ ਮਨੋਰਥ ਅਧੀਨ ਸਵਾਲ ਕੀਤਾ। ਮੈਂ ਉਸਦੇ ਸਵਾਲ ਨੂੰ ਹਾਸੇ ਵਜੋਂ ਲੈਂਦੇ ਹੋਏ ਆਪਣੀ ਸਮਝ ਅਨੁਸਾਰ ਜੁਆਬ ਦੇਣ ਲੱਗਾ...

"ਰੱਬ ਤਾਂ ਰੱਬ ਏ, ਬਨਾਵਟ ਜਿਵੇਂ ਦੀ ਮਰਜੀ ਹੋਵੇ ਉਸਦੀ। ਹਾਂ ਇਹ ਗੱਲ ਵੱਖਰੀ ਹੈ ਕਿ ਆਕ੍ਰਸ਼ਿਤ ਮੂਰਤ ਵਿੱਚ ਰੱਬ ਸਪੱਸ਼ਟ ਦਿਖਾਈ ਦਿੰਦਾ ਏ। ਉਸ ਵੱਲ ਖਿੱਚ ਵਧੇਰੇ ਹੁੰਦੀ ਹੈ। ਉਸਦੀਆਂ ਮਨ ਮੋਹਣੀਆਂ ਆਕ੍ਰਿਤੀਆਂ ਹਰ ਤਰਫੋਂ ਧਿਆਨ ਹਟਾ ਆਪਣੇ ਵੱਲ ਉਤੇਜਿਤ ਕਰਦੀਆਂ ਨੇ। ਫਿਰ ਤਨ ਦੀ ਬਨਾਵਟ ਮਨ ਦੀ ਬਨਾਵਟ ਉੱਤੇ ਛਾਪ ਜਰੂਰ ਲਗਾ ਦਿੰਦੀ ਏ।"

"ਇਸਦਾ ਮਤਲਬ ਰੱਬ ਦੀ ਪਹਿਚਾਣ ਮਨ ਪੱਖੋਂ ਨਹੀਂ ਤਨ ਪੱਖੋਂ ਕਰਦੇ ਤੁਸੀਂ। ਸਰੀਰਕ ਉਭਾਰ ਵਿੱਚ ਰੱਬ ਦਿਖਦਾ ਬਸ ਤੁਹਾਨੂੰ। ਆਹ ਹੱਥ ਲਾ ਦੇਖੋਂ ਭਲਾ ਮੇਰੇ 'ਚ ਕੀ ਕਮੀ ਏ ਜੋ ਮੈਂ ਰੱਬ ਨਹੀਂ ਹੋ ਸਕਦੀ?"

ਉਸਨੇ ਮੇਰਾ ਹੱਥ ਫੜਿਆ ਅਤੇ ਆਪਣੀਆਂ ਛਾਤੀਆਂ ਨੂੰ ਲਗਾਉਂਦੇ ਹੋਏ ਆਖਿਆ। ਮੈਂ ਇੱਕ ਦਮ ਹੱਥ ਪਿਛਾਂਹ ਖਿੱਚਿਆ ਅਤੇ ਬੜੇ ਹੀ ਗੁੱਸੇ ਦਾ ਪ੍ਰਗਟਾਵਾ ਕਰਦੇ ਹੋਏ ਆਖਿਆ..

"ਇਹ ਕੀ ਕਰ ਰਹੇ ਹੋ?"

"ਬਸ ਤੁਹਾਨੂੰ ਅਹਿਸਾਸ ਕਰਾ ਰਹੀ ਹਾਂ ਕਿ ਮੈਂ ਰੱਬ ਹਾਂ।"

"ਤੁਸੀਂ ਹੱਦ ਤੋਂ ਅੱਗੇ ਵਧ ਰਹੇ ਹੋ। ਇਹ ਸਭ ਠੀਕ ਨਹੀਂ। ਮੈਨੂੰ ਲੱਗਦਾ ਮੈਨੂੰ ਜਾਣਾ ਚਾਹੀਦਾ।"

ਮੈਂ ਕਾਹਲੀ ਨਾਲ ਗੁੱਸੇ ਵਿੱਚ ਉੱਠਣ ਲੱਗਾ ਤਾਂ ਉਹ ਹੱਸਣ ਲੱਗ ਪਈ ਅਤੇ ਬੋਲੀ..

"ਜਾਣਾ ਤਾਂ ਜਾਉ। ਪਰ ਜੁਆਬ ਹੁਣ ਨਾ ਲਏ ਫਿਰ ਕਦੇ ਵੀ ਨੀ ਮਿਲਣੇ।"

ਉਸਦੇ ਬੋਲਾਂ ਨੇ ਫਿਰ ਪਤਾ ਨਹੀਂ ਕੀ ਜਾਦੂ ਘੜਿਆ ਮੇਰੇ ਤੋਂ ਇੱਕ ਕਦਮ ਤੱਕ ਨਾ ਪੁੱਟ ਹੋਇਆ। ਮੈਂ ਫਿਰ ਤੋਂ ਆਸਰਾ ਜਿਹਾ ਢਾਹ ਬੈਠ ਗਿਆ ਅਤੇ ਉਹ ਬੋਲੀ..

"ਰੱਬ ਨੂੰ ਦਰ-ਦਰ ਨਾ ਲੱਭ ਸੋਹਣਿਆ। ਇੱਕੋ ਥਾਂ ਟਿਕਾਣਾ ਰੱਖ ਕੀ ਪਤਾ ਹੁੰਦਾ ਪੱਥਰ ਕਦ ਆਕ੍ਰਿਤੀ ਬਣ ਜਾਵੇ। ਉਂਝ ਜਿਸ ਰੱਬ ਦੇ ਪਿੱਛੇ ਤੁਸੀਂ ਭੱਜੇ ਫਿਰਦੇ ਹੋ ਕੀ ਲੱਗਦਾ, ਕਰ ਲਵੋਗੇ ਹਾਸਿਲ?"

ਉਸਨੇ ਗੱਲਾਂ ਦੀ ਹੇਰ ਫੇਰ 'ਚ ਮੈਨੂੰ ਲਿਆਉਂਦੇ ਹੋਏ ਸਵਾਲ ਪੁੱਛਿਆ। ਜਿਸਦਾ ਜੁਆਬ ਮੈਂ ਸ਼ਾਇਦ ਜਾਣਦੇ ਹੋਏ ਵੀ ਨਹੀਂ ਸੀ ਦੇਣਾ ਚਾਹੁੰਦਾ। ਪਰ ਮੈਂ ਫਿਰ ਵੀ ਬੋਲਿਆ..

"ਮੈਂ ਨਹੀਂ ਜਾਣਦਾ। ਇਹ ਤਾਂ ਉਹ ਰੱਬ ਜਾਣਦਾ ਏ ਜਾਂ ਫਿਰ ਤੁਸੀਂ।"

ਉਸਨੇ ਹੱਸਦੇ ਹੋਏ ਆਖਿਆ..

"ਮੈਨੂੰ ਕਿਵੇਂ ਪਤਾ ਹੋਵੂ ਭਲਾ?"

"ਆਪੇ ਤਾਂ ਆਖਦੇ ਤੁਸੀਂ ਕਿ ਤੁਸੀਂ ਰੱਬ ਹੋ।"

ਉਹ ਫਿਰ ਤੋਂ ਹੱਸੀ ਤੇ ਬੋਲੀ...

"ਮੈਂ ਦੱਸਾਂ ਫਿਰ?"

ਉਸਨੇ ਮੇਰੇ ਮਨ ਨੂੰ ਟੋਹਲਦੇ ਹੋਏ ਆਖਿਆ। ਮੈਂ ਚਾਹੁੰਦਾ ਸੀ ਕਿ ਮੈਨੂੰ ਇਸਦਾ ਸਹੀ ਜੁਆਬ ਮਿਲੇ ਪਰ ਮੈਂ ਪਤਾ ਨਹੀਂ ਕਿਉਂ ਨਹੀਂ ਵੀ ਸੀ ਜਾਣਨਾ ਚਾਹੁੰਦਾ। ਸ਼ਾਇਦ ਉਮੀਦ ਨੂੰ ਠੇਸ ਨਾ ਲੱਗੇ ਇਸ ਕਾਰਨ ਮੈਂ ਰੋਕਦੇ ਹੋਏ ਬੋਲਿਆ..

"ਨਹੀਂ-ਨਹੀਂ ਮੈਨੂੰ ਮੇਰਾ ਰੱਬ ਆਪੇ ਜੁਆਬ ਦੇਦੂ ਜਦ ਸਹੀ ਵਕਤ ਆਇਆ। ਤੁਸੀਂ ਖੇਚਲ ਨਾ ਕਰੋ। ਜੇ ਸੱਚੀ ਰੱਬ ਹੋ ਤਾਂ ਮੇਰੇ ਹੋਰ ਸਵਾਲਾਂ ਦੇ ਜੁਆਬ ਦੇਦੋ।"

"ਹੁਣ ਪਰਖਾਂ ਕਰੋਗੇ ਰੱਬ ਦੀਆਂ?"

"ਲੋਕ ਤਾਂ ਰੱਦੀ ਵੀ ਵੇਚਣ ਲੱਗੇ ਤੋਲਦੇ ਨੇ ਜੇ ਕੋਈ ਪਰਖ ਰਿਹਾ ਏ ਤਾਂ ਹਰਜ ਹੀ ਕੀ ਏ?"

ਉਸਨੇ ਚਿਹਰੇ ਤੇ ਮੁਸਕਾਨ ਖੇੜਦੇ ਆਖਿਆ...

"ਪਰਖੋ-ਪਰਖੋ ਖੂਬ ਪਰਖੋ।"

"ਮੇਰਾ ਨਾਂਅ ਕੀ ਹੋਵੂ ਭਲਾ?"

"ਲਵੋ ਜੀ ਇਹ ਕੀ ਸਵਾਲ ਹੋਇਆ ਭਲਾ?"

"ਰੱਬ ਹੋ ਤੁਸੀਂ ਦੱਸੋ ਹੁਣ।"

"ਜਨਾਬ, ਕੋਈ ਐਸਾ ਸਵਾਲ ਪੁੱਛੋ ਜਿਸਦਾ ਜੁਆਬ ਤੁਹਾਨੂੰ ਨਾ ਪਤਾ ਹੋਵੇ। ਜੋ ਪਹਿਲਾਂ ਹੀ ਤੁਹਾਨੂੰ ਪਤਾ ਹੈ ਉਹ ਕਿਸੇ ਤੋਂ ਕਿਉਂ ਪੁੱਛਦੇ ਹੋ?"

ਉਸਨੇ ਮੇਰੇ ਸਵਾਲ ਨੂੰ ਬਦਲ ਦਿੱਤਾ ਅਤੇ ਨਾਲ ਹੀ ਮੇਰੇ ਮਨ ਦੀ ਅਵਸਥਾ ਨੂੰ ਵੀ। ਕੁੜੀ ਜਾਦੂ ਦਾ ਘੇਰਾ ਜਿਹਾ ਘੱਤਦੀ ਜਾ ਰਹੀ ਸੀ ਮੇਰੇ ਮਨ ਦੇ ਦੁਆਲੇ। ਸਵਾਲ ਦਾ ਜੁਆਬ ਤਾਂ ਉਸਨੇ ਦਿੱਤਾ ਨਾ ਪਰ ਬੜੀ ਹੀ ਸਮਝ ਨਾਲ ਮੇਰਾ ਮਨ ਜਰੂਰ ਆਪਣੇ ਵੱਸ ਕਰ ਲਿਆ ਸੀ। ਕੁੜੀ ਵਾਕਿਆ ਹੀ ਬਹੁਤ ਜਿਆਦਾ ਤੇਜ ਸੀ। ਮੈਂ ਫਿਰ ਕੁਝ ਚਿਰ ਸੋਚਦੇ ਹੋਏ ਬੋਲਿਆ..

"ਕਈ ਵਾਰ ਏਦਾਂ ਕਿਉਂ ਹੁੰਦਾ ਹੈ ਕਿ ਅਸੀਂ ਨਾ ਤਾਂ ਕੋਈ ਸਰੀਰਕ ਮਿਹਨਤ ਕੀਤੀ ਹੁੰਦੀ ਹੈ ਅਤੇ ਨਾ ਹੀ ਦਿਮਾਗੀ। ਪਰ ਫਿਰ ਵੀ ਅਸੀਂ ਥੱਕ ਜਾਂਦੇ ਹਾਂ? ਸਾਨੂੰ ਸਾਡੀ ਜ਼ਿੰਦਗੀ ਬੇਕਾਰ ਲੱਗਦੀ ਹੈ ਅਤੇ ਸਾਡਾ ਹੋਣਾ ਸਾਨੂੰ ਹੀ ਬੋਝ ਲੱਗਦਾ ਏ?"

"ਇਹ ਸਵਾਲ ਤੁਹਾਡਾ ਤਾਂ ਨੀ ਲੱਗਦਾ। ਕਿਸਦਾ ਏ?"

ਇਸਨੂੰ ਭਲਾ ਇਸ ਗੱਲ ਦਾ ਅਹਿਸਾਸ ਕਿਵੇਂ ਹੋਇਆ? ਮੈਨੂੰ ਫਿਰ ਹੈਰਾਨ ਕਰ ਦਿੱਤਾ ਉਸਨੇ। ਪਰ ਇਸ ਵਾਰ ਮੈਂ ਬਿਨਾਂ ਝਿਜਕੇ ਬੜੇ ਹੀ ਦ੍ਰਿੜ ਹੋ ਆਖਿਆ..

"ਸਵਾਲ ਮੇਰਾ ਹੀ ਆ। ਨਾਲੇ ਤੁਸੀਂ ਤਾਂ ਬਸ ਜੁਆਬ ਦੇਣਾ ਏ, ਸਵਾਲ ਕਿਸੇ ਦਾ ਵੀ ਹੋਵੇ। ਇਸਦਾ ਜੁਆਬ ਮੇਰੇ ਕੋਲ ਨਹੀਂ ਹੈ ਏਸੇ ਲਈ ਤੁਹਾਨੂੰ ਪੁੱਛ ਰਿਹਾ।"

"ਸੰਤੁਲਨ ਬਣਾ ਕੇ ਰੱਖੋ ਖੁਦ ਉੱਤੇ। ਕਿਸੇ ਨੂੰ ਆਪਣੀਆਂ ਕਮਜ਼ੋਰੀਆਂ ਇੰਝ ਨਹੀਂ ਜ਼ਾਹਿਰ ਕਰੀਦੀਆਂ ਹੁੰਦੀਆਂ। ਜਿੰਨ੍ਹੇ ਤੁਸੀਂ ਕਿਸੇ ਨੂੰ ਬੇ-ਵੱਸ ਲੱਗੋਗੇ। ਲੋਕ ਓਨਾਂ ਹੀ ਤੁਹਾਡਾ ਇਸਤੇਮਾਲ ਕਰਨਗੇ।"

ਇਹ ਤਾਂ ਮੇਰੇ ਸਵਾਲ ਦਾ ਜੁਆਬ ਨਹੀਂ ਸੀ। ਉਸਨੇ ਫਿਰ ਤੋਂ ਮੇਰੇ ਸਵਾਲ ਦਾ ਜੁਆਬ ਨਾ ਦਿੱਤਾ ਅਤੇ ਮੇਰਾ ਧਿਆਨ ਬਦਲਣ ਦੀ ਕੋਸ਼ਿਸ਼ ਕੀਤੀ। ਪਰ ਇਸ ਵਾਰ ਮੈਂ ਅੜਿਆ ਹੋਇਆ ਸੀ ਆਪਣੇ ਸਵਾਲ ਉੱਤੇ। ਉਸਦੀ ਗੱਲ ਉੱਤੇ ਮੈਂ ਬਿਨਾਂ ਗੌਰ ਕਰਦੇ ਉਸਦਾ ਧਿਆਨ ਸਵਾਲ ਵੱਲ ਦਵਾਉਂਦੇ ਹੋਏ ਆਖਿਆ..

"ਮੈਨੂੰ ਨੀ ਲੱਗਦਾ ਤੁਹਾਡੇ ਕੋਲ ਮੇਰਿਆਂ ਸਵਾਲਾਂ ਦੇ ਜੁਆਬ ਨੇ। ਬਸ ਤੁਸੀਂ ਵੀ ਹੋਰਾਂ ਵਾਂਗੂੰ ਰੱਬ ਹੋਣ ਦਾ ਦਿਖਾਵਾ ਕਰ ਹੇਰ-ਫੇਰ ਕਰਨ ਦੀਆਂ ਵਿਉਂਤਾਂ ਘੜ ਰਹੇ ਹੋ।"

ਉਸਨੇ ਹੱਸਦੇ ਹੋਏ ਆਖਿਆ..

"ਕਾਹਲੇ ਬਹੁਤ ਪੈਂਦੇ ਹੋ ਤੁਸੀਂ, ਜਿੱਥੇ ਐਨਾਂ ਸਬਰ ਕਰਿਆ ਏ, ਮਾਸਾ ਹੋਰ ਕਰ ਲਵੋ।"

ਉਸਨੇ ਬੜੇ ਹੀ ਸ਼ਾਂਤ ਸੁਭਾਅ ਦਾ ਪ੍ਰਗਟਾਵਾ ਕਰਦੇ ਹੋਏ ਆਖਿਆ ਅਤੇ ਕੁਝ ਦੇਰ ਰੁਕਣ ਪਿੱਛੋਂ ਫਿਰ ਤੋਂ ਬੋਲੀ..

"ਤੁਸੀਂ ਸੋਚਦੇ ਹੋ ਕਿ ਇਹ ਉਹ ਢੋਅ ਹੈ ਜਿਸਦੀ ਤੁਹਾਨੂੰ ਚਿਰਾਂ ਤੋਂ ਤਲਾਸ਼ ਸੀ। ਪਰ ਕੁਝ ਵਕਤ ਨਾਲ ਹੰਢਾਉਣ ਪਿੱਛੋਂ ਤੁਹਾਨੂੰ ਇਹ ਗੱਲ ਫਜ਼ੂਲ ਜਾਪਦੀ ਏ। ਤੁਸੀਂ

ਫਿਰ ਤੋਂ ਨਵੇਂ ਦੀ ਭਾਲ ਕਰਦੇ ਹੋ। ਨਵਾਂ ਮਨੋਰੰਜਨ ਵਧੀਆ ਕਰਦਾ ਏ ਪਰ ਤੁਹਾਡੇ ਮਨ ਨੂੰ ਟਿਕਾਣਾ ਨਹੀਂ ਦੇ ਪਾਉਂਦਾ। ਫਿਰ ਤੋਂ ਨਵੇਂ ਦੀ ਭਾਲ। ਇਨਸਾਨ ਹੋਵੇ, ਰੱਬ ਹੋਵੇ ਜਾਂ ਕੰਮ ਹੋਵੇ ਹਰ ਇੱਕ ਚੀਜ਼ ਪ੍ਰਤੀ ਇਹੀ ਵਰਤੀਰਾ ਹੁੰਦਾ ਤੁਹਾਡਾ। ਤੁਸੀਂ ਕਾਹਲੀ ਦੇ ਸ਼ਿਕਾਰ ਹੋ। ਹਾਸਲ ਕਰਨ ਵਿੱਚ ਵੀ ਕਾਹਲੀ ਅਤੇ ਛੱਡਣ ਵਿੱਚ ਉਸਤੋਂ ਵੀ ਕਾਹਲੀ। ਸਬਰ ਸ਼ਬਦ ਇੱਕ ਬੋਝ ਜਿਹਾ ਜਾਪਦਾ ਏ ਤੁਹਾਨੂੰ। ਖੁਦ ਨੂੰ ਸ਼ਾਂਤ, ਆਜ਼ਾਦ ਅਤੇ ਆਤਮਨਿਰਭਰ ਹੋਣ ਦੇ ਦਬਦਬੇ ਨੂੰ ਬਣਾਏ ਰੱਖਣ ਲਈ ਝੁਕਾਵ ਨਹੀਂ ਧਾਰਨ ਕਰਦੇ। ਆਪਣੀ ਮੰਜ਼ਿਲ ਦਾ ਅਹਿਸਾਸ ਹੁੰਦੇ ਵੀ ਉਹ ਮੰਜ਼ਿਲ ਬੇਕਾਰ ਲੱਗਦੀ ਹੈ ਅਤੇ ਨਵੀਂ ਰਾਹ ਚੁਣਨ ਵਿੱਚ ਜੱਦੋ ਜ਼ਹਿਦ ਕਰਦੇ ਹੋ। ਕਈ ਵਾਰ ਤਾਂ ਆਪਣੇ ਆਪ ਨੂੰ ਤਵੱਜੋ ਦੇ, ਦੂਸਰਿਆਂ ਦੇ ਅਹਿਸਾਸਾਂ ਨੂੰ ਅੱਖ ਤੱਕ ਝਪੱਕ ਨਹੀਂ ਦੇਖਦੇ। ਫਿਰ ਜਦੋਂ ਇਹਨਾਂ ਸਭ ਚੀਜ਼ਾਂ ਤੋਂ ਕੁਝ ਦੇਰ ਦੀ ਰਾਹਤ ਲੈਂਦੇ ਹੋ ਤਾਂ ਤੁਹਾਨੂੰ ਤੁਹਾਡੀ ਜ਼ਿੰਦਗੀ ਬੋਝ ਜਾਪਦੀ ਏ।"

ਉਸਦੇ ਜੁਆਬ ਨੇ ਮੈਨੂੰ ਇੱਕ ਦਮ ਅੰਦਰੋਂ ਭਰ ਕੇ ਰੱਖ ਦਿੱਤਾ ਕਿ ਹਾਂ ਸ਼ਾਇਦ ਇਹੀ ਚੀਜ਼ਾਂ ਨੇ ਜਿੰਨ੍ਹਾਂ ਦੇ ਪ੍ਰਭਾਵ ਹੇਠ ਜ਼ਿੰਦਗੀ ਥਕਾਵਟ ਨਾਲ ਭਰੀ ਪਈ ਬੋਝ ਜਾਪਦੀ ਏ। ਮੈਂ ਉਸਦੇ ਜੁਆਬ ਉੱਤੇ ਕੁਝ ਦੇਰ ਗੌਰ ਕੀਤਾ ਅਤੇ ਫਿਰ ਤੋਂ ਸਵਾਲ ਕੀਤਾ..

"ਫਿਰ ਕਿਵੇਂ ਇਸ ਬੋਝ ਨੂੰ ਹਲਕਾ ਕੀਤਾ ਜਾ ਸਕਦਾ ਏ? ਤਾਂ ਜੋ ਜ਼ਿੰਦਗੀ ਬੋਝ ਨਾ ਲੱਗੇ।"

"ਸਵਾਲ ਕਰੋ ਖੁਦ ਨੂੰ, ਕਿ ਕੀ ਤੁਸੀਂ ਚੋਣ ਕਰਨ ਵਿੱਚ ਠੀਕ ਨਹੀਂ ਜਾਂ ਫਿਰ ਤੁਹਾਨੂੰ ਚੁਣਨ ਵਿੱਚ ਕੋਈ ਅਣਗਹਿਲੀ ਕਰ ਰਿਹਾ ਏ? ਕਮੀ ਕਿੱਥੇ ਹੈ? ਜਿਸ ਦਿਨ ਖੁਦ ਦੀਆਂ ਕਮੀਆਂ ਉੱਤੇ ਗੌਰ ਕਰਨਾ ਸ਼ੁਰੂ ਕਰ ਦਿਉਗੇ। ਜੁਆਬ ਮਿਲਦੇ ਜਾਣਗੇ ਤੇ ਜ਼ਿੰਦਗੀ ਬੋਝ ਦੀ ਥਾਂ ਅਨੰਦਮਈਂ ਲੱਗੇਗੀ।"

ਮੈਨੂੰ ਲੱਗਾ ਉਸਨੇ ਠੀਕ ਜੁਆਬ ਦਿੱਤਾ। ਮੈਂ ਇਸਦਾ ਜੁਆਬ ਨਹੀਂ ਸੀ ਜਾਣਦਾ, ਇਸ ਕਰਕੇ ਮੈਂ ਉਸਦੇ ਜੁਆਬ ਨੂੰ ਬਿਲਕੁਲ ਸਹੀ ਮੰਨਿਆ। ਸ਼ਾਇਦ ਇਹ ਸਹੀ ਵੀ ਹੋਵੇ। ਰੱਬ ਜਾਣਦਾ।

ਉਸਦਾ ਜੁਆਬ ਸੁਣਦੇ ਹੀ ਮੇਰਾ ਧਿਆਨ ਫਿਰ ਤੋਂ ਸ਼ਹਿਨਾਜ ਤਰਫ ਹੋ ਗਿਆ ਅਤੇ ਮੈਨੂੰ ਯਾਦ ਆਇਆ ਜਦ ਉਸਨੇ ਮੈਨੂੰ ਇਹ ਸਵਾਲ ਕੀਤਾ ਸੀ। ਮੈਨੂੰ ਚੇਤੇ ਆਇਆ ਉਸ ਵਕਤ ਮੈਂ ਉੱਚੀ-ਉੱਚੀ ਉਸਨੂੰ ਆਵਾਜ਼ਾਂ ਮਾਰ ਰਿਹਾ ਸੀ...

"ਸ਼ਹਿਨਾਜ.... ਸ਼ਹਿਨਾਜ.. ਸ਼ਹਿਨਾਜ"

ਉਹ ਮੇਰੇ ਤੋਂ ਬਹੁਤਾ ਦੂਰ ਤਾਂ ਨਹੀਂ ਸੀ। ਪਰ ਮੈਂ ਬਸ ਉਸਨੂੰ ਤੰਗ ਕਰਨ ਲਈ ਹੀ ਇੰਝ ਉੱਚੀ-ਉੱਚੀ ਆਵਾਜ਼ਾਂ ਮਾਰ ਰਿਹਾ ਸੀ। ਉਹ ਮੇਰੀ ਆਵਾਜ਼ ਸੁਣ ਮੇਰੇ ਕੋਲ ਆਈ ਅਤੇ ਮੈਨੂੰ ਝਿੜਕਦੇ ਹੋਏ ਤੇ ਗੁੱਸੇ ਵਿੱਚ ਬੋਲੀ..

"ਦਿਮਾਗ ਖਰਾਬ ਐ ਤੁਹਾਡਾ? ਕਿਵੇਂ ਰੌਲਾ ਪਾਇਆ ਹੋਇਆ ਏ। ਸਾਰੇ ਤੁਹਾਡੇ ਵੱਲ ਵੇਖ ਰਹੇ ਨੇ।"

"ਤੇ ਵੇਖੀ ਜਾਣ। ਮੈਨੂੰ ਕੀ ਆ।"

"ਤੁਹਾਨੂੰ ਨਹੀਂ ਆ ਕੁਝ ਵੀ। ਪਰ ਮੈਨੂੰ ਤਾਂ ਹੈ ਨਾ। ਜਰੂਰੀ ਦੱਸਣਾ ਹੁੰਦਾ ਕਿ ਅਸੀਂ ਪੇਂਡੂ ਆ।"

"ਲੈ ਇਸ ਵਿੱਚ ਕੀ ਏ। ਜੇ ਪੇਂਡੂ ਹੈ ਤਾਂ ਹੈ। ਇਸ ਵਿੱਚ ਲੁਕਾ ਰੱਖਣ ਵਾਲੀ ਕਿਹੜੀ ਗੱਲ ਏ ਭਲਾ?"

"ਫਿਰ ਐਦਾਂ ਕਰੋ ਗਲ ਢੋਲ ਪਾ ਲਵੋ ਤੇ ਉੱਚੀ-ਉੱਚੀ ਪਾਵੋ ਰੌਲਾ। ਮੈਂ ਪੇਂਡੂ ਹਾਂ। ਮੈਂ ਪੇਂਡੂ ਹਾਂ।"

"ਇੰਝ ਹੀ ਕਰ ਲੈਂਦੇ ਆ ਸੋਹਣਿਓ।"

ਮੈਂ ਉਸਨੂੰ ਖਿਝਿਆ ਵੇਖ ਹੋਰ ਖਿਝਾਉਣ ਲਈ ਆਪਣੇ ਯਾਰ ਕਲਵਿੰਦਰ ਨੂੰ ਆਵਾਜ਼ ਮਾਰੀ..

"ਓ ਕੁਲਵਿੰਦਰ ਓਏ।"

"ਹਾਂਜੀ ਬਾਈ ਜੀ।"

"ਜਾ ਜ਼ਰਾ ਕੁ ਢੋਲ ਫੜ ਕੇ ਲਿਆਵੀਂ ਭੰਗੜੇ ਵਾਲਿਆਂ ਤੋਂ।"

"ਹੁਣੇ ਲਿਆਇਆ ਵੀਰੇ।"

ਉਹ ਜਾਣਦਾ ਸੀ ਮੈਂ ਬਸ ਉਂਝ ਹੀ ਸ਼ਹਿਨਾਜ ਨੂੰ ਤੰਗ ਕਰਨ ਲਈ ਇੰਝ ਆਖ ਰਿਹਾ ਸੀ। ਉਸਨੇ ਬਸ ਮੇਰੀ ਗੱਲ ਦਾ ਹੁੰਗਾਰਾ ਭਰਿਆ। ਉਸਦਾ ਹੁੰਗਾਰਾ ਸੁਣ ਸ਼ਹਿਨਾਜ ਬੋਲੀ..

"ਬਸ ਕਿ ਹੋਰ ਵੀ ਕੁਝ ਰਹਿ ਗਿਆ?"

"ਲੈ ਅਜੇ ਤਾਂ ਸ਼ੁਰੂ ਹੀ ਕੁਝ ਨਹੀਂ ਹੋਇਆ।"

"ਇੱਕ ਤਾਂ ਪਹਿਲਾਂ ਹੀ ਦਿਮਾਗ ਖਰਾਬ ਹੋਇਆ ਪਿਆ ਏ। ਉੱਤੋਂ ਤੁਸੀਂ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆਉਂਦੇ।"

"ਕਿਉਂ ਕੀ ਹੋਇਆ? ਦਿਮਾਗ ਕਿਉਂ ਖਰਾਬ ਏ?"

"ਰਹਿਣ ਦਿਉ ਤੁਹਾਨੂੰ ਦੱਸਣ ਦਾ ਕੋਈ ਫਾਇਦਾ ਨਹੀਂ।"

"ਤੂੰ ਦੱਸ ਤਾਂ ਸਹੀ। ਆਪਣੇ ਕੋਲ ਹਰ ਮਰਜ ਦੀ ਦਵਾ ਹੈਗੀ ਏ।"

"ਭਲੀ ਭਾਂਤੀ ਜਾਣਦੀ ਹਾਂ ਮੈਂ, ਵੱਡੇ ਵੈਦ ਨੂੰ।"

"ਲੈ, ਤੂੰ ਦੱਸ ਤਾਂ ਸਹੀ, ਜੇ ਨਾ ਹੱਲ ਹੋਵੂ ਤਾਂ ਕਹੀ।"

"ਕੁਝ ਨਹੀਂ ਬਸ ਮੇਰਾ ਜੀਅ ਜਿਹਾ ਨਹੀਂ ਲੱਗਣ ਡਿਆ। ਅੱਕੀ ਹੋਈ ਆ ਜ਼ਿੰਦਗੀ ਤੋਂ ਸਮਝ ਨਹੀਂ ਆ ਰਿਹਾ ਕਿ ਸਹੀ ਕੀ ਆ ਤੇ ਗਲਤ ਕੀ ਆ। ਇੰਝ ਲੱਗਦਾ ਜਿਵੇਂ ਸਭ ਕੁਝ ਬਸ ਐਵੇਂ ਹੀ ਚੱਲ ਰਿਹਾ ਏ।"

"ਵਾਕਿਆ ਦਿਮਾਗ ਨਹੀਂ ਠੀਕ ਤੇਰਾ। ਚੱਲ ਆ ਤੈਨੂੰ ਚਾਹ ਪਿਆਵਾਂ।"

ਮੈਂ ਉਸਨੂੰ ਬਾਹੋਂ ਫੜਿਆ ਅਤੇ ਕਾਲਜ ਦੀ ਕੰਟੀਨ ਵੱਲ ਲੈ ਗਿਆ। ਉੱਥੇ ਬੈਠਦੇ ਹੀ ਮੈਂ ਦੋ ਚਾਹ ਲਿਆਉਣ ਲਈ ਕਿਹਾ ਅਤੇ ਸ਼ਹਿਨਾਜ ਨੂੰ ਪੁੱਛਿਆ...

"ਹੁਣ ਦੱਸ ਕੀ ਗੱਲ ਏ?"

"ਪਤਾ ਨਹੀਂ ਯਾਰ ਕਈ ਵਾਰ ਏਦਾਂ ਕਿਉਂ ਹੁੰਦਾ ਹੈ ਕਿ ਨਾ ਤਾਂ ਮੈਂ ਕੋਈ ਸਰੀਰਕ ਮਿਹਨਤ ਕੀਤੀ ਹੁੰਦੀ ਏ ਤੇ ਨਾ ਹੀ ਦਿਮਾਗੀ। ਪਰ ਫਿਰ ਵੀ ਮੈਨੂੰ ਇੰਝ ਲੱਗਦਾ ਜਿਵੇਂ ਮੈਂ ਥੱਕ ਗਈ ਹੋਵਾਂ। ਤੇ ਜ਼ਿੰਦਗੀ ਬੇਕਾਰ ਲੱਗਦੀ ਹੈ ਤੇ ਮੇਰਾ ਹੋਣਾ ਮੈਨੂੰ ਹੀ ਬੋਝ ਲੱਗਦਾ ਏ?"

"ਇਹ ਕੀ ਚੱਕਰ ਹੋਇਆ ਭਲਾ?"

"ਮੈਂ ਕਿਹਾ ਸੀ ਨਾ ਤੁਸੀਂ ਬਸ ਗੱਲਾਂ ਵਾਲੇ ਹੋ। ਤੁਹਾਡੇ ਕੋਲ ਕੋਈ ਹੱਲ ਨੀ ਮੇਰੀਆਂ ਤੰਗੀਆਂ ਦਾ।"

`"ਤੇਰੇ ਸਵਾਲ ਹੀ ਬੜੇ ਪੁੱਠੇ ਸਿੱਧੇ ਹੁੰਦੇ ਆ। ਮੈਂ ਕਿਹੜਾ ਚਾਣਕਿਆ ਵਾਂ।"

`"ਆਹੋ ਤੇ ਨਹੀਂ ਜੁਆਬ ਹੈਗਾ ਤਾਂ ਚੁੱਪ ਰਹੋ ਨਾ। ਕਿਉਂ ਐਵੇਂ ਹੋਰ ਤੰਗ ਕਰਦੇ ਓ। ਫਿਰ ਤੁਸੀਂ ਕਹੋਗੇ ਤੂੰ ਜਿਆਦਾ ਬੋਲਣ ਲੱਗ ਪਈ ਏ।"

"ਉਹ ਤਾਂ ਬੋਲਣ ਲੱਗ ਹੀ ਪਈ ਏ।"

"ਮੈਂ ਚਾਹ ਪੀਵਾਂ ਕਿ ਜਾਵਾਂ?"

"ਗੁੱਸਾ ਬਾਲੀ ਛੇਤੀ ਕਰਦੀ ਏ ਤੂੰ।"

"ਫਿਰ ਤੁਸੀਂ ਗੁੱਸੇ ਹੋਣ ਵਾਲੀ ਗੱਲ ਹੀ ਨਾ ਕਰਿਆ ਕਰੋ।"

"ਉਹ ਚੰਗਾ ਮੇਰੀ ਮਾਂ। ਲੈ ਚਾਹ ਪੀ ਤੂੰ।"

ਚਾਹ ਆ ਗਈ, ਮੈਂ ਇੱਕ ਚਾਹ ਦੀ ਗਲਾਸੀ ਉਸ ਵੱਲ ਰੱਖ ਦਿੱਤੀ ਅਤੇ ਇੱਕ ਆਪਣੇ ਵਾਲੇ ਪਾਸੇ। ਮੈਂ ਕੁਝ ਖਾਸ ਨਾ ਬੋਲਿਆ ਅਤੇ ਚਾਹ ਪੀਣ ਲੱਗ ਪਿਆ। ਉਹ ਵੀ ਬਿਨਾ ਕੁਝ ਬੋਲੇ ਬਸ ਚਾਹ ਪੀਣ ਲੱਗ ਪਈ।

(3)

ਮੈਂ ਸ਼ਹਿਨਾਜ ਬਾਰੇ ਸੋਚ ਰਿਹਾ ਸੀ ਤਾਂ ਕੋਲ ਬੈਠੀ ਖੁਦ ਨੂੰ ਰੱਬ ਕਹਾਉਣ ਵਾਲੀ ਕੁੜੀ ਨੇ ਮੈਨੂੰ ਆਵਾਜ਼ ਦਿੱਤੀ ਅਤੇ ਕਿਹਾ...

"ਕਿੱਧਰ ਗਵਾਚ ਗਏ? ਮੁੱਕ ਗਏ ਸਵਾਲ ਲੱਗਦਾ?"

ਮੇਰੀ ਸ਼ਹਿਨਾਜ ਦੀ ਤਰਫੋਂ ਸੁਰਤ ਟੁੱਟੀ ਅਤੇ ਮੈਂ ਜਲਦੀ ਨਾਲ ਕੋਲ ਬੈਠੀ ਕੁੜੀ ਨੂੰ ਜੁਆਬ ਦਿੱਤਾ..

"ਨਹੀਂ ਤਾਂ।"

"ਮੈਨੂੰ ਤਾਂ ਲੱਗਦਾ ਮੁੱਕ ਗਏ ਨੇ।"

"ਚਲੋ ਨਾਂਅ ਤਾਂ ਦੱਸੋ ਆਪਣਾ।"

ਉਸਨੇ ਹੱਸਦੇ ਹੋਏ ਆਖਿਆ..

"ਨਾਂਅ ਜਾਣਕੇ ਕੀ ਕਰੋਗੇ। ਤੁਹਾਡੇ ਨਸੀਬ 'ਚ ਨਹੀਂ ਮੈਂ।"

ਇਹ ਕਿਵੇਂ ਦਾ ਜੁਆਬ? ਮੈਂ ਫਿਰ ਸੋਚੀਂ ਪੈ ਗਿਆ। ਇੰਝ ਕਿਉਂ ਹੋ ਰਿਹਾ ਸੀ ਕਿ ਉਸਦੇ ਮੂੰਹ 'ਚੋਂ ਨਿਕਲੇ ਇੱਕ-ਇੱਕ ਲਫ਼ਜ਼ ਲਈ ਮੈਨੂੰ ਸੋਚਣਾ ਪੈ ਰਿਹਾ ਸੀ। ਮੈਂ ਤਾਂ ਖੁਦ ਨੂੰ ਬੜਾ ਹੀ ਸੂਝਵਾਨ ਸਮਝਦਾ ਸੀ। ਪਰ ਅੱਜ ਮੇਰੀ ਸਮਝ ਨੂੰ ਪਤਾ ਨਹੀਂ ਕੀ ਹੋ ਗਿਆ। ਕਿਤੇ ਇਹ ਸੱਚੀ ਤਾਂ ਰੱਬ ਨਹੀਂ। ਕਿਉਂਕਿ ਅਜੇ ਤੱਕ ਤਾਂ ਮੈਨੂੰ ਕੋਈ ਐਸਾ ਟੱਕਰਿਆ ਨਹੀਂ ਜਿਸਦੀਆਂ ਗੱਲਾਂ ਏਨੀਆਂ ਪ੍ਰਭਾਵਸ਼ਾਲੀ ਹੋਣ ਜੋ ਹਰ ਸਵਾਲ ਦਾ ਜੁਆਬ ਦੇਣ ਦੀ ਸਮਰੱਥਾ ਰੱਖਦੀਆਂ ਹੋਣ। ਮੈਂ ਫਿਰ ਤੋਂ ਪੁੱਛਿਆ..

"ਲੈ ਫਿਰ ਵੀ ਕੋਈ ਨਾਂਅ ਤਾਂ ਹੋਣਾ ਈ ਏ। ਜੇ ਤੁਸੀਂ ਰੱਬ ਹੋ ਤਾਂ ਰੱਬ ਦੇ ਵੀ ਤਾਂ ਕਈ ਨਾਂਅ ਨੇ। ਦੱਸ ਦਵੋ ਕੋਈ ਇੱਕ।"

"ਨਾਂਅ ਤਾਂ ਮੇਰੇ ਬਥੇਰੇ ਨੇ.. ਚਲੋ ਤੁਸੀਂ "ਨਸੀਬੋ" ਆਖ ਲਵੋ। ਤੁਹਾਡਿਆਂ ਸਵਾਲਾਂ ਦੇ ਜੁਆਬ ਦੇ ਨਸੀਬ ਜੋ ਬਦਲਣ ਆਈ ਹਾਂ ਤੁਹਾਡਾ।"

ਉਸਨੇ ਰੌਣਕ ਭਰੇ ਚਿਹਰੇ ਉੱਤੇ ਮੁਸਕਾਨ ਲਿਆਉਂਦੇ ਹੋਏ ਆਖਿਆ। ਉਸਦਾ ਗੋਰਾ ਚਿੱਟਾ ਰੰਗ ਮੁਸਕਾਨ ਆਉਂਦੇ ਹੀ ਲਾਲਗੀ ਨਾਲ ਭਰ ਜਾਂਦਾ ਸੀ। ਉਹ ਖੁਦ ਨੂੰ ਰੱਬ ਆਖਦੀ ਸੀ। ਇਸ ਲਈ ਮੈਂ ਦਚੁੱਤੀ ਵਿੱਚ ਸੀ ਕਿ ਰੱਬ ਨੂੰ ਕਿਸ ਅੱਖ ਨਾਲ ਵੇਖਾਂ। ਕਿਉਂਕਿ ਉਸਦੇ ਹੁਸਨ ਦੀ ਭਰਮਾਰ ਦੀਆਂ ਕਿਆ ਹੀ ਬਾਤਾਂ ਸਨ। ਵਾਕਿਆ ਹੀ ਲੱਗਦਾ ਸੀ ਕਿ ਇਹ ਰੱਬ ਏ? ਕਿਉਂਕਿ ਏਨਾਂ ਨੂਰਾਨੀ ਚਿਹਰਾ ਜਾਂ ਤਾਂ ਮੈਂ ਆਪਣੇ ਮਹਿਬੂਬ ਦਾ ਤੱਕਿਆ ਸੀ ਜਾਂ ਫਿਰ ਇਹ। ਉਸਨੂੰ ਦੇਖਣ ਤੇ, ਤੱਕਣ ਤੇ ਮੇਰੇ ਇਸ ਗੱਲ ਪ੍ਰਤੀ ਰੋਸੇ ਮਿਟ ਗਏ ਸਨ ਕਿ ਮੈਂ ਆਪਣੇ ਮਹਿਬੂਬ ਨੂੰ ਰੱਬ ਕਿਉਂ ਮੰਨਿਆ। ਹੋ ਸਕਦਾ ਉਹ ਸ਼ਖਸ਼ੀਅਤ ਪੱਖੋਂ ਉਸ ਅਸਲ ਦਾ ਮੁਕਾਬਲਾ ਨਾ ਕਰ ਪਾਵੇ ਪਰ ਇਸ ਕੁੜੀ ਨੂੰ ਦੇਖ ਜੋ ਕਿ ਖੁਦ ਨੂੰ ਨਸੀਬੋ ਦੱਸਦੀ ਅਤੇ ਰੱਬ ਹੋਣ ਦਾ ਦਾਅਵਾ ਕਰਦੀ ਸੀ, ਹੁਸਨ ਪੱਖੋਂ ਮੇਰਾ ਮਹਿਬੂਬ ਇਸ ਤੋਂ ਰੱਤੀ ਭਰ ਵੀ ਘੱਟ ਨਹੀਂ ਸੀ। ਮੇਰਾ ਧਿਆਨ ਕੁੜੀ ਤੋਂ ਹਟ ਉਸ ਤਰਫ਼ ਦੌੜ ਗਿਆ ਸੀ। ਮੈਂ ਕੁਝ ਦੇਰ ਸੋਚਣ ਪਿੱਛੋਂ ਆਖਿਆ..

"ਮੈਨੂੰ ਨੀ ਲੱਗਦਾ ਤੁਹਾਡਾ ਇਹ ਅਸਲ ਨਾਂਅ ਹੈ। ਸੱਚ ਦੱਸਣਾ।"

"ਲਵੋ ਜੀ ਕਰ ਲਵੋ ਗੱਲ। ਰੱਬ ਦੀ ਹਸਤੀ ਉੱਤੇ ਵੀ ਸਵਾਲ?"

ਉਸਨੇ ਫਿਰ ਤੋਂ ਗੁੱਸੇ ਦਾ ਪ੍ਰਗਟਾਵਾ ਕਰਦੇ ਮੂੰਹ ਉੱਤੇ ਮੁਸਕਾਨ ਲਿਆਉਂਦੇ ਹੋਏ ਆਖਿਆ।

"ਸ਼ੱਕ ਵੀ ਤਾਂ ਅਸਲ ਉੱਤੇ ਹੁੰਦਾ ਏ। ਪਰਖ ਸੋਨੇ ਦੀ ਹੀ ਕੀਤੀ ਜਾਂਦੀ ਏ। ਪਿੱਤਲ ਦੀ ਤਾਂ ਕੋਈ ਜਾਂਚ ਪੜਤਾਲ ਨਹੀਂ ਕਰਦਾ।"

"ਹੁਣੇ ਤਾਂ ਤੁਸੀਂ ਕਹਿ ਰਹੇ ਸੀ ਲੋਕ ਰੱਦੀ ਦੀ ਵੀ ਪਰਖ ਕਰਦੇ ਨੇ ਵੇਚਣ ਲੱਗਿਆ। ਹੁਣੇ ਤੁਸੀਂ ਸੋਨੇ ਤੇ ਆ ਗਏ। ਏਨੀ ਜਲਦੀ ਆਪਣੀ ਜੁਬਾਨ ਤੋਂ ਪਲਟ ਗਏ।"

ਮੇਰੀ ਜੀਭ ਨੂੰ ਜਿਵੇਂ ਗੱਠ ਪੈ ਗਈ ਹੋਵੇ। ਕੋਈ ਜੁਆਬ ਹੀ ਨਾ ਸੁੱਝਾ। ਪਰ ਉਸਦੇ ਚਿਹਰੇ ਉੱਤੇ ਮੁਸਕਾਨ ਸੀ। ਉਹ ਸ਼ਰਾਰਤੀ ਅੰਦਾਜ਼ ਵਿੱਚ ਸਵਾਲ ਵੀ ਕਰਦੀ ਅਤੇ ਜੁਆਬ ਵੀ ਦੇਂਦੀ। ਇਸ ਲਈ ਮੈਂ ਸੋਚਦੇ ਹੋਏ ਆਖਿਆ..

"ਉਸ ਵਕਤ ਉਹ ਗੱਲ ਮਾਇਨੇ ਰੱਖਦੀ ਸੀ। ਹੁਣ ਇਹ ਰੱਖਦੀ ਹੈ।"

"ਚਲੋ ਕੋਈ ਨਾ ਇਨਸਾਨ ਦੀ ਫਿਤਰਤ ਹੈ ਪਲਟਣਾ।"

"ਉਂਝ ਤੁਸੀਂ ਖੂਬਸੂਰਤ ਬਹੁਤ ਹੋ।"

"ਰੱਬ ਤੇ ਮਾੜੀ ਅੱਖ।"

ਉਸਦੇ ਚਿਹਰੇ ਉੱਤੇ ਫਿਰ ਤੋਂ ਸ਼ਰਾਰਤੀ ਮੁਸਕਾਨ ਸੀ।

"ਖੂਬਸੂਰਤੀ ਦੀ ਤਰੀਫ਼ ਕਰਨਾ ਮਾੜਾ ਹੈ?"

"ਖੂਬਸੂਰਤੀ ਦੀ ਤਰੀਫ਼ ਕਰਨੀ ਮਾੜੀ ਨਹੀਂ। ਪਰ ਉਸਦੇ ਪਿੱਛੇ ਲੁਕੇ ਮਕਸਦ ਦੀ ਸੋਚ ਮਾੜੀ ਹੋ ਸਕਦੀ ਏ।"

"ਮੁਆਫ਼ ਕਰਨਾ ਪਰ ਮੈਂ ਤਾਂ ਅਜਿਹੀ ਕੋਈ ਸੋਚ ਨੀ ਰੱਖੀ।"

"ਭੁੱਲੋ ਨਾ ਮੈਂ ਰੱਬ ਹਾਂ। ਮੇਰੇ ਤੋਂ ਤੁਹਾਡੇ ਮਨ ਦੀਆਂ ਲੁਕੀਆਂ ਨਹੀਂ ਰਹਿ ਸਕਦੀਆਂ। ਜੋ ਤੁਹਾਡੇ ਮਨ 'ਚ ਨੇ ਉਹ ਮੇਰੇ ਨਹੂੰਆਂ ਤੇ ਨੇ।"

"ਦੱਸੋ ਫਿਰ ਮੇਰੇ ਮਨ ਵਿੱਚ ਕੀ ਚੱਲ ਰਿਹਾ?"

"ਇਹੀ ਕਿ ਜੇ ਇਹ ਕੁੜੀ ਰੱਬ ਨਾ ਹੋਵੇ ਤਾਂ ਇਸਨੂੰ ਹੀ ਆਪਣਾ ਰੱਬ ਆਖ ਲਵਾਂ।"

ਉਸਨੇ ਮੇਰੇ ਮਨ ਦੀ ਗੱਲ ਬੁੱਝ ਲਈ ਤਾਂ ਮੇਰੇ ਚਿਹਰੇ ਉੱਤੇ ਆਪਣੇ ਆਪ ਮੁਸਕਾਨ ਆ ਗਈ ਤਾਂ ਮੈਂ ਹੱਸਦੇ ਹੋਏ ਬੋਲਿਆ...

"ਆਹ ਤਾਂ ਤੁਸੀਂ ਸੱਚੀ ਮਨ ਦੀ ਗੱਲ ਬੁੱਝ ਲਈ। ਕਿਤੇ ਸੱਚੀ ਤਾਂ ਰੱਬ ਨਹੀਂ?"

"ਸ਼ੁਕਰ ਆ ਤੁਸੀਂ ਵੀ ਖੁੱਲ੍ਹ ਕੇ ਹੱਸੇ.. ਹਾਹਾਹਾਹਾਹਾਹਾ।"

ਅਸੀਂ ਦੋਵੇਂ ਹੱਸਣ ਲੱਗ ਪਏ ਅਤੇ ਉਹ ਬੋਲੀ..

"ਇਨਸਾਨ ਨੂੰ ਰੱਬ ਨੂੰ ਰੱਬ ਦੀ ਥਾਂ ਰੱਖਣਾ ਚਾਹੀਦਾ ਹੈ ਅਤੇ ਮਹਿਬੂਬ ਨੂੰ ਮਹਿਬੂਬ ਦੀ ਥਾਂ। ਕਦੇ ਵੀ ਹਕੀਕੀ ਨੂੰ ਮਜਾਜੀ ਵਿੱਚ ਮਿਲਾ ਹਕੀਕੀ ਦੀ ਮਿੱਟੀ ਪਲੀਤ ਨਾ ਕਰੋ। ਕਿਉਂਕਿ ਕਰੋੜਾਂ 'ਚੋਂ ਇੱਕ ਹੀ ਵਿਰਲਾ ਹੁੰਦਾ ਹੈ ਜਿਸ ਨੂੰ ਕਿਸੇ ਦੀ ਪੂਜਾ ਦਾ ਅਹਿਸਾਸ ਹੁੰਦਾ ਏ। ਅਸਲ ਰੱਬ ਦੇ ਅੱਗੇ ਇੱਕ ਵਾਰ ਟੇਕੇ ਗੋਡੇ ਵੀ ਜੰਨਤ ਦਵਾ ਦਿੰਦੇ ਨੇ ਤੇ ਝੂਠੇ ਅੱਗੇ ਉਮਰਾਂ ਤੱਕ ਰਗੜੇ ਨੱਕ ਵੀ ਤੁਹਾਨੂੰ ਨਰਕ ਦਾ ਰਾਹ ਦਿਖਾਉਂਦੇ ਨੇ।"

ਉਸਦੀ ਇਸ ਗੱਲ ਨੇ ਮੇਰੇ ਅੰਦਰ ਭੂਚਾਲ ਮਾਰਦੇ ਆਪਣੇ ਮਹਿਬੂਬ ਦੇ ਪ੍ਰਤੀ ਸਮਰਪਣ ਨੂੰ ਇੱਕ ਦਮ ਸ਼ਾਂਤ ਕਰ ਦਿੱਤਾ ਸੀ। ਸਮਝ ਨਹੀਂ ਸੀ ਆ ਰਹੀ ਕਿ ਰੱਬ ਨੂੰ ਰੱਬ ਮੰਨਾ ਕਿ ਮਹਿਬੂਬ ਨੂੰ ਰੱਬ ਮੰਨਾ। ਮੈਂ ਗੱਲ ਉੱਤੇ ਗੌਰ ਕਰਦੇ ਸਵਾਲ ਪੁੱਛਿਆ..

"ਪਰ ਜਦ ਤੁਸੀਂ ਰੱਬ ਦਾ ਨਾਂਅ ਲੈਣ ਲੱਗਦੇ ਹੋ ਤਾਂ ਸਾਹਮਣੇ ਮਹਿਬੂਬ ਆ ਜਾਵੇ ਫਿਰ ਤਾਂ ਮਹਿਬੂਬ ਰੱਬ ਹੀ ਹੋਇਆ।"

"ਜਰੂਰ ਸ਼ੈਤਾਨ ਹੋਣਾ ਏ। ਜੋ ਰੱਬ ਵੱਲ ਧਿਆਨ ਟਿਕਾਉਣ ਤੋਂ ਰੋਕਦਾ ਹੋਵੂ।"

"ਕਿਉਂ ਉਸਨੂੰ ਕੀ ਲੋੜ ਪਈ ਭਲਾ ਰੱਬ ਵੱਲੋਂ ਧਿਆਨ ਹਟਾਉਣ ਤੋਂ?"

"ਬੇਸ਼ੱਕ ਉਸਨੂੰ ਲੋੜ ਹੈ। ਜੇ ਤੁਹਾਨੂੰ ਅਸਲ ਰੱਬ ਦੀ ਪਹਿਚਾਣ ਹੋਗੀ ਤਾਂ ਉਸਨੂੰ ਕਿਨ੍ਹੇ ਘਾਹ ਪਾਉਣਾ। ਉਸਦੀ ਤਾਂ ਦੁਕਾਨਦਾਰੀ ਬੰਦ ਹੋਗੀ ਨਾ ਫਿਰ।"

ਉਸਨੇ ਹੱਸਦੇ ਹੋਏ ਆਖਿਆ। ਮੈਂ ਫਿਰ ਤੋਂ ਸੋਚੀਂ ਪੈ ਗਿਆ ਅਤੇ ਉਸਨੂੰ ਟੋਕਦੇ ਹੋਏ ਜੁਆਬ ਦਿੱਤਾ ....

"ਨਹੀਂ-ਨਹੀਂ ਮੇਰਾ ਮਹਿਬੂਬ ਮੇਰਾ ਰੱਬ ਏ। ਉਹ ਸ਼ੈਤਾਨ ਨੀ ਹੋ ਸਕਦਾ।"

ਉਹ ਹੱਸੀ ਤੇ ਬੋਲੀ..

"ਜਾਉ ਫਿਰ ਆਪਣੇ ਰੱਬ ਨੂੰ ਲਾਵੋ ਦੁਹਾੜ। ਮੈਂ ਸੁੱਟਦੀ ਤੁਹਾਨੂੰ ਇਸ ਦਰਿਆ ਵਿੱਚ ਵੇਖੋ ਭਲਾ ਆਉਂਦੀ ਬਚਾਉਣ।"

ਉਹ ਫਿਰ ਤੋਂ ਗੁੱਸੇ ਵਾਲੇ ਲਹਿਜ਼ੇ 'ਚ ਬੋਲੀ ਪਰ ਇਸ ਵਾਰ ਉਸਦੇ ਚਿਹਰੇ ਉੱਤੇ ਮੁਸਕਾਨ ਦੀ ਥਾਂ ਤੇਜ ਸੀ। ਮੇਰੇ ਮਨ ਅੰਦਰ ਨਾ ਚਾਹੁੰਦੇ ਹੋਏ ਵੀ ਕਿਤੇ ਨਾ ਕਿਤੇ ਇੱਕ ਡਰ ਜਿਹਾ ਮਹਿਸੂਸ ਹੋਇਆ। ਮੈਂ ਸਵਾਲ ਨੂੰ ਬਦਲਦੇ ਹੋਏ ਆਖਿਆ..

"ਫਿਰ ਇਸ ਸਭ ਤੋਂ ਬਾਹਰ ਨਿਕਲਣ ਲਈ ਮੈਨੂੰ ਕੀ ਕਰਨਾ ਚਾਹੀਦਾ?"

"ਇਸ ਸਭ ਤੋਂ ਬਾਹਰ ਨਿਕਲਣ ਲਈ ਸੱਚ ਦੀ ਪਹਿਚਾਣ ਜਰੂਰੀ ਹੈ।"

ਸੱਚ ਦੀ ਪਹਿਚਾਣ। ਮੇਰੇ ਮਨ ਵਿੱਚ ਸਵਾਲ ਉੱਠ ਖਲੋਇਆ। ਮੈਨੂੰ ਅਹਿਸਾਸ ਹੋਇਆ ਕਿ ਸ਼ਾਇਦ ਇਸ ਕੁੜੀ ਕੋਲ ਮੇਰਿਆਂ ਸਵਾਲਾਂ ਦੇ ਜੁਆਬ ਹੈ ਜੋ ਰੱਬ ਹੋਣ ਦਾ ਦਾਅਵਾ ਕਰਦੀ ਹੈ। ਮੈਂ ਜਵਾਬ ਜਾਣਨ ਦੀ ਇੱਛਾ ਨਾਲ ਬੋਲਿਆ...

"ਤੇ ਕਿਵੇਂ ਹੋਵੇਗੀ ਸੱਚ ਦੀ ਪਹਿਚਾਣ?"

"ਸੱਚ ਦੀ ਪਹਿਚਾਣ ਕਰਨ ਲਈ ਤੁਹਾਨੂੰ ਪੰਜ ਗੁਣਾਂ ਨੂੰ ਧਾਰਨ ਕਰਨਾ ਪਵੇਗਾ। ਗਿਆਨ, ਸਬਰ, ਪ੍ਰੇਮ, ਤਿਆਗ ਤੇ ਨਿਆਂ। ਇਹ ਪੰਜ ਅਧਾਰ ਨੇ ਸੱਚ ਨੂੰ ਸਮਝਣ ਲਈ। ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਲਈ।"

ਉਸਦੇ ਇਸ ਵਾਰ ਜੁਆਬ ਦੇਣ ਵਕਤ ਉਸਦੇ ਚਿਹਰੇ ਉੱਤੇ ਫਿਰ ਤੋਂ ਸ਼ਾਂਤੀ ਸੀ ਅਤੇ ਰੌਣਕ ਅੱਖਾਂ ਝਮੱਕਦੀ ਸੀ। ਮੈਂ ਉਸਨੂੰ ਪੁੱਛਿਆ..

"ਮੈਂ ਸਮਝ ਨਹੀਂ ਪਾਇਆ ਇਸ ਨੂੰ ਕਿ ਇਹ ਕਿਵੇਂ ਸੱਚ ਦੀ ਪਹਿਚਾਣ ਕਰਨ ਵਿੱਚ ਲਾਭਦਾਇਕ ਨੇ?"

"ਗਿਆਨ ਬੁੱਧੀ ਨੂੰ ਸਥਿਰ ਕਰਦਾ ਹੈ, ਸਬਰ ਮਨ ਨੂੰ ਸਥਿਰ ਕਰਦਾ ਹੈ, ਪ੍ਰੇਮ ਦਿਲ ਨੂੰ ਸਥਿਰ ਕਰਦਾ ਹੈ, ਤਿਆਗ ਸਰੀਰ ਨੂੰ ਸਥਿਰ ਕਰਦਾ ਹੈ ਤੇ ਨਿਆਂ ਆਤਮਾ ਨੂੰ ਸਥਿਰ ਕਰਦਾ ਹੈ। ਜਦੋਂ ਇਹ ਪੰਜੇ ਅਧਾਰ ਸਥਿਰ ਹੋ ਜਾਂਦੇ ਹਨ ਤਾਂ ਇਨਸਾਨ ਦਇਆ ਨਾਲ ਭਰ ਜਾਂਦਾ ਏ। ਉਹ ਕਦੇ ਵੀ ਧੋਖਾ ਨਹੀਂ ਖਾਂਦਾ। ਉਸਨੂੰ ਸੱਚ ਅਤੇ ਅਸਲ ਦੀ

ਪਹਿਚਾਣ ਹੋ ਜਾਂਦੀ ਹੈ। ਫਿਰ ਮਹਿਬੂਬ ਤੇ ਰੱਬ ਪ੍ਰਤੀ ਫਾਸਲੇ ਦਾ ਸਹੀ ਮਾਇਨੇ ਵਿੱਚ ਅਹਿਸਾਸ ਹੋ ਜਾਂਦਾ ਹੈ।"

ਉਸਦਾ ਜੁਆਬ ਸ਼ਾਇਦ ਮੇਰੀ ਸਮਝ ਤੋਂ ਪਰੇ ਸੀ ਪਰ ਉਸਦੇ ਭਾਵ ਮੈਂ ਜਾਣ ਗਿਆ ਸੀ। ਮੈਨੂੰ ਹੋਰ ਜਾਣਨ ਦੀ ਇੱਛਾ ਹੋਈ। ਪਰ ਜੁਆਬ ਦੇ ਮਿਲਣ ਉੱਤੇ ਮੇਰੀ ਕਿੰਤੂ-ਪ੍ਰਿੰਤੂ ਵੀ ਵਧ ਗਈ। ਕਿਉਂਕਿ ਜੁਆਬ ਵਿੱਚੋਂ ਹੀ ਤਾਂ ਸਵਾਲ ਨਿਕਲਦੇ ਨੇ। ਉਸਦੇ ਜੁਆਬ ਨੇ ਮੈਨੂੰ ਠੰਡਕ ਤਾਂ ਦਿੱਤੀ ਪਰ ਮੇਰੇ ਮਨ ਵਿੱਚਲੀਆਂ ਗੱਲਾਂ ਨੂੰ ਹੋਰ ਗੁੰਝਲਾਂ ਵਿੱਚ ਪਾ ਦਿੱਤਾ। ਮੈਂ ਫਿਰ ਤੋਂ ਪੁੱਛਿਆ..

"ਜੇ ਗੱਲ ਪ੍ਰੇਮ ਦੀ ਕਰਾਂ ਤਾਂ ਮੈਂ ਤਾਂ ਆਪਣੇ ਮਹਿਬੂਬ ਨੂੰ ਕਿੰਨਾਂ ਪਿਆਰ ਕਰਦਾ ਹਾਂ। ਹਰ ਇੱਕ ਤਿਆਗ ਕਰ ਰਿਹਾ ਹਾਂ ਉਸਦੇ ਲਈ। ਕੋਈ ਵੀ ਇੱਛਾ ਨਹੀਂ ਮੇਰੇ ਮਨ ਵਿੱਚ। ਉਸਤੋਂ ਬਿਨਾਂ ਕੋਈ ਦਬਾਅ ਪਾਏ ਸਬਰ ਰੱਖ ਉਸਦੀ ਬਸ ਉਡੀਕ ਕਰ ਰਿਹਾ ਹਾਂ। ਇੰਝ ਤਾਂ ਮੇਰੇ ਵਿੱਚ ਤਿੰਨ ਗੁਣ ਠਾਠਾਂ ਮਾਰ ਰਹੇ ਨੇ। ਬਸ ਦੋ ਗੁਣਾਂ ਦੀ ਘਾਟ ਏ ਥੋੜੀ ਬਹੁਤੀ।"

"ਕੀ ਤੁਹਾਡੇ ਪਿਆਰ ਨੇ ਤੁਹਾਡੇ ਦਿਲ ਨੂੰ ਸਥਿਰ ਕੀਤਾ? ਕੀ ਤੁਸੀਂ ਇਸ ਤਿਆਗ ਕਾਰਨ ਉਸਨੂੰ ਹਾਸਲ ਕਰਨ ਦੀ ਇੱਛਾ ਤੋਂ ਮੁਕਤ ਹੋ ਪਾਏ? ਕੀ ਤੁਹਾਡੇ ਸਬਰ ਨੇ ਤੁਹਾਡੇ ਮਨ ਦੀ ਭਟਕਣ ਉੱਤੇ ਕੋਈ ਬੰਦਿਸ਼ ਲਗਾਈ?"

ਮੇਰੇ ਕੋਲ ਕੋਈ ਜੁਆਬ ਨਹੀਂ ਸੀ। ਮੈਨੂੰ ਤਾਂ ਇੰਝ ਮਲੂਮ ਹੋ ਰਿਹਾ ਸੀ ਜਿਵੇਂ ਮੈਂ ਧਰਮਰਾਜ ਦੀ ਕਚਿਹਰੀ ਵਿੱਚ ਖੜਾ ਆਪਣੇ ਕੀਤੇ ਗਏ ਕਰਮਾਂ ਲਈ ਕਟਿਹਰੇ ਵਿੱਚ ਖੜਾ ਹੋ ਬਿਆਨਬਾਜੀ ਕਰ ਰਿਹਾ ਹੋਵਾਂ। ਪਰ ਮੈਨੂੰ ਮੇਰਿਆਂ ਸਵਾਲਾਂ ਦੇ ਜੁਆਬ ਮਿਲ ਰਹੇ ਸਨ। ਉਸਦੇ ਸਵਾਲ ਪੁੱਛਣ ਤੇ ਮੈਂ ਸ਼ਰਮਿੰਦਾ ਹੋਇਆ ਅਤੇ ਬਸ ਨਾਂਹ ਵਿੱਚ ਸਿਰ ਹਿਲਾਇਆ। ਉਹ ਬੋਲੀ..

"ਕਦੇ ਸੋਚਿਆ ਕਿਉਂ ਕਿਸੇ ਲਈ ਏਨਾਂ ਪ੍ਰੇਮ, ਸਬਰ, ਤਿਆਗ ਹੋਣ ਤੇ ਵੀ ਤੁਸੀਂ ਫਿਰ ਵੀ ਅਗਾਂਹ ਕਿਉਂ ਨਹੀਂ ਵਧ ਪਾਏ?

ਮੈਂ ਨਾਂਹ ਵਿੱਚ ਸਿਰ ਹਿਲਾਇਆ। ਉਹ ਰੁਕੀ ਅਤੇ ਬੋਲੀ..

"ਕਿਉਂਕਿ ਤੁਸੀਂ ਦਿਖਾਉਣ ਦੀ ਕੋਸ਼ਿਸ਼ ਕਰਦੇ ਰਹੇ ਹਮੇਸ਼ਾ, ਕਿ ਸਾਨੂੰ ਤੁਹਾਡੇ ਨਾਲ ਪ੍ਰੇਮ ਹੈ, ਅਸੀਂ ਤੁਹਾਡੇ ਲਈ ਸਬਰ ਕਰ ਰਹੇ ਹਾਂ, ਅਸੀਂ ਤੁਹਾਡੇ ਲਈ ਹਰ

ਤਿਆਗ ਕਰ ਸਕਦੇ ਹਾਂ, ਸਾਨੂੰ ਉਹ ਹਰ ਚੀਜ਼ ਦਾ ਪਤਾ ਹੈ ਜੋ ਉਸਨੂੰ ਨਹੀਂ ਪਤਾ, ਅਸੀਂ ਤੁਹਾਡੇ ਲਈ ਸਭ ਨਾਲੋਂ ਬਹਿਤਰ ਹਾਂ। ਹਰ ਚੀਜ਼ ਪਿੱਛੇ ਇੱਛਾਵਾਂ ਫਿਰ ਵੀ ਆਖਦੇ ਤੁਹਾਡੀ ਕੋਈ ਇੱਛਾ ਨਹੀਂ। ਇੱਛਾ ਤਦ ਨਾ ਹੁੰਦੀ ਜੇਕਰ ਤੁਸੀਂ ਇਸ਼ਕ ਕਰਦੇ ਪਰ ਜਤਾਉਂਦੇ ਨਾ। ਉਡੀਕ ਕਰਦੇ ਪਰ ਦੱਸਕੇ ਨਹੀਂ। ਸਮਰਪਣ ਕਰਦੇ ਪਰ ਬਿਨਾਂ ਦਬਦਬਾ ਹੇਠ। ਜਾਗਰੂਕ ਕਰਦੇ ਪਰ ਖੁਦ ਨੂੰ ਤਵੱਜੋ ਨਾ ਦੇ। ਬਹਿਤਰ ਹੁੰਦੇ ਪਰ ਕਰਮ ਕਰਕੇ, ਨਾ ਕਿ ਅਹਿਸਾਸ ਦਵਾ। ਕੀ ਐਸਾ ਕਦੇ ਹੋਇਆ ਜਿਸ ਪਿੱਛੇ ਤੁਹਾਨੂੰ ਕੁਝ ਪਾਉਣ ਦੀ ਇੱਛਾ ਨਾ ਹੋਈ ਹੋਵੇ।"

ਮੈਂ ਉਸਦਿਆਂ ਸਵਾਲਾਂ ਅੱਗੇ ਖੁਦ ਨੂੰ ਹੱਦ ਤੋਂ ਪਰੇ ਸ਼ਰਮਿੰਦਾ ਮਹਿਸੂਸ ਕਰ ਰਿਹਾ ਸੀ। ਮੇਰੇ ਕੋਲ ਜੁਆਬ ਕੋਈ ਨਹੀਂ ਸੀ ਬਸ ਨਾਂਹ ਵਿੱਚ ਸਿਰ ਹਿਲਾਉਣ ਤੋਂ ਸਿਵਾਏ। ਮੈਂ ਨਾਂਹ ਵਿੱਚ ਸਿਰ ਹਿਲਾਇਆ ਅਤੇ ਉਹ ਰੁਕ ਫਿਰ ਬੋਲੀ..

"ਫਿਰ ਕਿਵੇਂ ਆਖ ਸਕਦੇ ਕਿ ਤੁਹਾਡੇ ਵਿੱਚ ਇਹ ਗੁਣ ਨੇ? ਸਭ ਤੋਂ ਅਹਿਮ ਗੱਲ ਇਹ ਹੈ ਕਿ ਪ੍ਰੇਮ ਇੱਕ ਪ੍ਰਤੀ ਰੱਖ ਤੁਸੀਂ ਹੋਰਾਂ ਨੂੰ ਦੁਰਕਾਰਦੇ ਹੋ। ਇਹ ਕਿਵੇਂ ਦਾ ਪ੍ਰੇਮ ਹੋਇਆ ਜੋ ਇੱਕ ਪ੍ਰਤੀ ਦਇਆ ਦਾ ਭਾਵ ਪ੍ਰਗਟਾਵੇ ਤੇ ਦੂਸਰੇ ਪ੍ਰਤੀ ਈਰਖਾ ਦਾ। ਪ੍ਰੇਮ ਤਾਂ ਉਹ ਹੋਣਾ ਚਾਹੀਦਾ ਜੋ ਕਿਸੇ ਇੱਕ ਇਨਸਾਨ ਲਈ ਹੋਵੇ ਓਹੀ ਇੱਕ ਘਾਹ ਦੇ ਤਿਨਕੇ ਲਈ ਵੀ ਹੋਵੇ। ਉਹ ਭਾਵੇਂ ਸੁੱਕਾ ਹੋਵੇ ਜਾਂ ਫਿਰ ਹਰਿਆ। ਇੱਛਾਵਾਂ ਦੀ ਆੜ ਹੇਠ ਪ੍ਰੇਮ ਨਹੀਂ ਬਸ ਖੁਦ ਦਾ ਮਤਲਬ ਹੁੰਦਾ ਹੈ। ਤੇ ਸੱਚ ਦੀ ਰਾਹ ਦੀ ਖੋਜ ਵਿੱਚ ਅਸਲ ਰੱਬ ਰੂਬਰੂ ਹੋ ਹੱਥਾਂ ਉੱਤੇ ਚੁੱਕ ਲੈਂਦਾ ਏ।"

"ਕੀ ਫਿਰ ਮਹਿਬੂਬ ਨਾਲ ਇਸ਼ਕ ਕਰਨਾ ਫਜ਼ੂਲ ਏ?"

"ਨਾ ਬਿਲਕੁਲ ਵੀ ਨਹੀਂ। ਇਸ਼ਕ ਕਰਨਾ ਫਜ਼ੂਲ ਨਹੀਂ ਪਰ ਇਸ਼ਕ ਦੇ ਪਿੱਛਲੇ ਮਕਸਦ ਦਾ ਹੋਣਾ ਫਜ਼ੂਲ ਹੈ। ਜੋ ਇਸ਼ਕ ਨੂੰ ਫਜ਼ੂਲ ਬਣਾ ਦੇਂਦਾ ਏ।"

"ਇਸ਼ਕ ਦੇ ਪਿੱਛੇ ਤਾਂ ਇੱਕ ਹੀ ਮਕਸਦ ਹੁੰਦਾ ਇਸ਼ਕ ਕਰਨਾ। ਉਹ ਫਜ਼ੂਲ ਕਿਵੇਂ ਹੋਇਆ ਭਲਾ?"

"ਸਿਰਫ ਜਿਸਮਾਨੀ ਤਾਲੂਕਾਤ ਦਾ ਮਕਸਦ, ਇਸ਼ਕ ਦਾ ਪ੍ਰਗਟਾਵਾ ਕਰ ਹੋਰ ਈਨਾਂ ਮਨਾਉਣ ਦਾ ਮਕਸਦ।"

"ਜਿਸਮਾਨੀ ਤਾਲੂਕਾਤ ਵੀ ਤਾਂ ਇਸ਼ਕ ਨੂੰ ਪ੍ਰਗਟਾਉਣ ਦਾ ਇੱਕ ਜ਼ਰੀਆ ਹੈ।"

"ਹਾਂ ਪਰ ਅੰਗਾਂ ਦੀ ਛੋਹ ਤਦ ਤੱਕ ਹੀ ਇਸ਼ਕ ਨੂੰ ਜਾਹਰ ਕਰਨ ਦਾ ਜ਼ਰੀਆ ਹੈ ਜਦ ਤੱਕ ਮਨ ਵਾਸਨਾ ਤੋਂ ਰਹਿਤ ਹੋ ਅਹਿਸਾਸ ਦੀ ਬੋਲੀ ਨੂੰ ਸਮਝੇ ਤੇ ਪਿਆਰ ਕਰੇ ਨਾ ਕਿ ਜਿਸਮ ਫਰੋਸ਼ੀ।"

ਉਸਦੇ ਜੁਆਬ ਮੇਰੇ ਜ਼ਮੀਰ ਨੂੰ ਹਲੂਣ ਰਹੇ ਸਨ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਕੀ ਮੈਂ ਆਪਣੇ ਮਹਿਬੂਬ ਨੂੰ ਉਸਦੇ ਜਿਸਮ ਦੀ ਛੋਹ ਕਾਰਨ ਪਿਆਰ ਕਰਦਾ ਹਾਂ ਜਾਂ ਮੈਨੂੰ ਅਸਲ ਵਿੱਚ ਇਸ਼ਕ ਹੈ ਉਸ ਨਾਲ। ਜਾਂ ਕੋਈ ਹੋਰ ਕਾਰਨ ਜਾਂ ਮਤਲਬ ਤਾਂ ਨਹੀਂ ਮੇਰਾ ਉਸ ਨੂੰ ਇਸ਼ਕ ਦਾ ਪ੍ਰਗਟਾਵਾ ਕਰਨਾ। ਮੇਰੇ ਮਨ ਨੂੰ ਦਚੁੱਤੀ ਵਿੱਚ ਪਾ ਦਿੱਤਾ ਸੀ ਨਸੀਬੋ ਦੀਆਂ ਗੱਲਾਂ ਨੇ। ਮੈਂ ਸੋਚ ਹੀ ਰਿਹਾ ਤਾਂ ਉਸਨੇ ਟੋਂਟ ਮਾਰਿਆ..

"ਵੈਸੇ ਮੈਨੂੰ ਤਾਂ ਬਿਲਕੁਲ ਹੀ ਨਹੀਂ ਲੱਗਦਾ ਕਿ ਤੁਸੀਂ ਇਸ਼ਕ ਤੋਂ ਵਾਕਿਫ਼ ਹੋ। ਪਤਾ ਹੈ ਤੁਸੀਂ ਆਪਣੇ ਮਹਿਬੂਬ ਨੂੰ ਕਿਵੇਂ ਦਾ ਇਸ਼ਕ ਕਰਦੇ ਹੋ?"

"ਮੈਂ ਸਮਝਿਆ ਨਹੀਂ। ਇਸ਼ਕ ਤਾਂ ਇਸ਼ਕ ਹੈ। ਉਹ ਵੱਖੋ-ਵੱਖਰੀ ਤਰ੍ਹਾਂ ਦਾ ਵੀ ਹੋ ਸਕਦਾ ਏ?"

"ਹਾਂਜੀ ਇਸ਼ਕ ਦੇ ਦੋ ਰੂਪ ਨੇ ਇੱਕ ਇਸ਼ਕ ਹਕੀਕੀ ਅਤੇ ਇੱਕ ਇਸ਼ਕ ਮਜ਼ਾਜੀ। ਤੁਸੀਂ ਕਿਹੜਾ ਕਰਦੇ ਓ?"

"ਭਲਾ ਕੀ ਫਰਕ ਏ ਦੋਨਾਂ 'ਚ?

ਉਸਨੇ ਇਸ਼ਕ ਦੇ ਵੱਖੋ-ਵੱਖਰੇ ਰੂਪਾਂ ਬਾਰੇ ਦੱਸਿਆਂ ਤਾਂ ਮੇਰੀ ਇੱਛਾ ਹੋਈ ਜਾਣਨ ਦੀ ਕਿ ਇਹਨਾਂ 'ਚ ਫਰਕ ਕੀ ਹੋਵੇਗਾਂ ਤਾਂ ਮੈਂ ਸਵਾਲ ਕੀਤਾ। ਪਰ ਉਸਨੇ ਹੱਸਦੇ ਹੋਏ ਕਿਹਾ..

"ਵਾਹ ਕਮਾਲ ਹੈ, ਇਸ਼ਕ ਬਾਰੇ ਪਤਾ ਭੋਰਾ ਵੀ ਨਹੀਂ। ਆਖੇ ਜੀ ਮੈਂ ਇਸ਼ਕ ਕਰਦਾ ਹਾਂ।"

"ਤੁਸੀਂ ਜਾਣਦੇ ਹੋ ਤਾਂ ਦੱਸੋ? ਮੈਨੂੰ ਤਾਂ ਬਸ ਇਸ਼ਕ ਕਰਨ ਬਾਰੇ ਪਤਾ। ਇਹ ਹੁੰਦਾ ਕਿਹੋ-ਕਿਹੋ ਜਿਹਾ, ਇਹ ਨਹੀਂ ਪਤਾ।"

"ਚਲੋ ਕੋਈ ਨਾ, ਜੇ ਨਹੀਂ ਪਤਾ ਤਾਂ ਮੈਂ ਦੱਸਦੀ ਹਾਂ। ਦੇਖੋ ਇਸ਼ਕ ਹਕੀਕੀ ਹੁੰਦਾ ਜੋ ਰੱਬ ਦੇ ਲੜ ਲਾਵੇ। ਭਾਵ ਮਹਿਬੂਬ ਤੇ ਰੱਬ 'ਚ ਫਰਕ ਨਾ ਦਿਖੇ। ਰੱਬ ਹੀ ਮਹਿਬੂਬ

ਲੱਗੇ। ਮਤਲਬ ਰੱਬ ਨਾਲ ਇਸ਼ਕ। ਤੇ ਇਸ਼ਕ ਮਜ਼ਾਜੀ ਹੁੰਦਾ ਜਿਸ ਵਿੱਚ ਮਹਿਬੂਬ ਨੂੰ ਰੱਬ ਸਮਝ ਲਿਆ ਜਾਵੇ। ਹੁਣ ਤੁਸੀਂ ਵਿਚਾਰ ਕਰੋ ਤੁਹਾਡਾ ਇਸ਼ਕ ਕਿਹੜਾ ਸੀ?"

"ਮੇਰਾ ਇਸ਼ਕ। ਮੇਰਾ ਇਸ਼ਕ ਤਾਂ ਹਕੀਕੀ ਹੀ ਹੈ ਫਿਰ। ਕਿਉਂਕਿ ਮੈਂ ਮਹਿਬੂਬ 'ਚੋਂ ਰੱਬ ਪਹਿਲਾਂ ਤੱਕਿਆ ਤੇ ਇਸ਼ਕ ਬਾਅਦ 'ਚ ਕੀਤਾ। ਭਾਵ ਰੱਬ ਪਹਿਲਾਂ ਬਣਾਇਆ ਤੇ ਮਹਿਬੂਬ ਬਾਅਦ ਵਿੱਚ। ਮੈਂ ਰੱਬ ਨੂੰ ਮਹਿਬੂਬ ਮੰਨਿਆ ਤੇ ਇਸ਼ਕ ਕੀਤਾ। ਮੇਰਾ ਤਾਂ ਇਸ਼ਕ ਹਕੀਕੀ ਏ।"

"ਓ ਭਲਿਆ ਲੋਕਾ। ਪਹਿਲਾਂ ਗਹਿਰਾਈ ਤਾਂ ਸਮਝ ਹਕੀਕੀ ਦੀ। ਫਿਰ ਤੈਅ ਕਰੀਂ। ਇਸ਼ਕ ਮਜ਼ਾਜੀ ਬਾਰੇ ਤੁਹਾਨੂੰ ਭੇਤ ਨਹੀਂ। ਚੱਲੇ ਹੋ ਇਸ਼ਕ ਹਕੀਕੀ ਦੇ ਤਗਮੇ ਲੈਣ।"

ਮੈਂ ਉਸਦਾ ਜੁਆਬ ਸੁਣ ਮਾਯੂਸ ਜਿਹਾ ਹੋ ਗਿਆ ਕਿ ਇਹ ਤਾਂ ਪਤਾ ਨਹੀਂ ਕਿਹੜੀਆਂ ਗੁੰਝਲਾਂ ਵਿੱਚ ਪਾ ਰਹੀ ਏ। ਮੇਰੇ ਹਕੀਕੀ ਇਸ਼ਕ ਨੂੰ ਨਕਾਰਾ ਦੱਸੀ ਜਾਂਦੀ। ਮੇਰੇ ਮੂੰਹ ਉੱਤੇ ਨਾਮੋਸ਼ੀ ਸੀ ਅਤੇ ਮੈਂ ਚੁੱਪ ਬੈਠਾਂ ਸੀ। ਉਹ ਬੋਲੀ..

"ਤੁਹਾਨੂੰ ਇੱਕ ਕਹਾਣੀ ਸੁਣਾਉਂਦੀ ਹਾਂ ਜੋ ਤੁਹਾਨੂੰ ਤੁਹਾਡੇ ਇਸ਼ਕ ਦੀ ਔਕਾਤ ਬਿਆਨ ਕਰੂ। ਸੁਣੋਗੇ?"

"ਹਾਂਜੀ ਸੁਣਾ ਦਿਉ।"

" ਸੁਣੋ ਫਿਰ...

ਕੀ ਹੋਇਆ ਕਿ ਬਾਬਾ ਫ਼ਰੀਦ ਜੀ ਨੂੰ ਬਾਰਾਂ ਸਾਲ ਹੋ ਗਏ ਸੀ ਬੰਦਗੀ ਕਰਦਿਆਂ। ਤਸਬੀ ਹਰ ਵੇਲੇ ਹੱਥ ਵਿੱਚ ਰੱਖਣੀ ਤੇ ਅੱਲ੍ਹਾ-ਅੱਲ੍ਹਾ ਕਰੀ ਜਾਣਾ। ਇੱਕ ਦਿਨ ਆਪਣੀ ਤਸਬੀ ਫੇਰਦੇ-ਫੇਰਦੇ ਗਲੀ ਵਿੱਚਦੀ ਲੰਘ ਰਹੇ ਸੀ ਕਿ ਇੱਕ ਗੁਜਰੀ ਨੂੰ ਦੁੱਧ ਵੇਚਦਿਆਂ ਵੇਖ ਉਸਦੇ ਕੋਲ ਖਲੋ ਗਏ। ਗੁਜਰੀ ਕੋਲ ਜੋ ਵੀ ਦੁੱਧ ਲੈਣ ਆਵੇ ਪੈਸੇ ਦੇਵੇ ਤੇ ਦੁੱਧ ਲੈ ਜਾਏ। ਇੱਕ ਜਵਾਨ ਆਦਮੀ ਆਇਆ ਜੋ ਦੁੱਧ ਲੈ ਕੇ ਚਲਿਆ ਗਿਆ ਪਰ ਗੁਜਰੀ ਨੇ ਉਸ ਨਾਲ ਕੋਈ ਲੇਖਾ-ਜੋਖਾ ਨਾ ਕੀਤਾ ਤੇ ਕੋਈ ਪੈਸਾ ਨਾ ਲਿਆ। ਫ਼ਰੀਦ ਖਲੋਤਾ ਆਪਣੀ ਤਸਬੀ ਦੇ ਮਣਕਿਆਂ 'ਤੇ ਖੁਦਾ-ਖੁਦਾ ਕਰੀ ਜਾਂਦਾ ਸੀ। ਜਦ ਗੁਜਰੀ ਦੁੱਧ ਵੇਚ ਤੁਰਨ ਲੱਗੀ ਤਾਂ ਫ਼ਰੀਦ ਨੇ ਉਸਨੂੰ ਪੁੱਛਿਆ ਕਿ ਮਾਈ ਮੈਨੂੰ ਜ਼ਰਾ ਦੱਸੀ, ਜੋ ਵੀ ਤੇਰੇ ਕੋਲ ਦੁੱਧ ਲੈਣ ਆਇਆ ਤੂੰ ਪੈਸੇ ਲੈ ਕੇ ਦੁੱਧ ਦੇਂਦੀ ਗਈ। ਪਰ ਇੱਕ

ਕਾਲੀ ਚਾਦਰ ਵਾਲੇ ਕੋਲੋਂ ਨਾ ਤਾਂ ਕੋਈ ਪੈਸਾ ਲਿਆ ਤੇ ਨਾ ਹੀ ਕੋਈ ਹਿਸਾਬ ਕਿਤਾਬ ਕੀਤਾ। ਇਹ ਕੀ ਗੱਲ ਹੈ? ਤੈਨੂੰ ਭੁਲੇਖਾ ਤਾਂ ਨਹੀਂ ਲੱਗਾ?

ਗੁਜਰੀ ਬਾਬੇ ਫ਼ਰੀਦ ਦੀ ਇਹ ਗੱਲ ਸੁਣ ਹੱਸ ਪਈ ਤੇ ਬੋਲੀ.. ਓ ਫਕੀਰਾ, ਉਹ ਆਦਮੀ ਜਿਸ ਨਾਲ ਮੈਂ ਕੋਈ ਹਿਸਾਬ-ਕਿਤਾਬ ਨਹੀਂ ਕੀਤਾ ਤੇ ਨਾ ਹੀ ਦੁੱਧ ਦੇ ਪੈਸੇ ਲਏ ਹਨ। ਉਹ ਯਾਰ ਏ ਮੇਰਾ। ਭਲਾ ਕੋਈ ਯਾਰ ਨਾਲ ਵੀ ਹਿਸਾਬ-ਕਿਤਾਬ, ਗਿਣਤੀ-ਮਿਣਤੀ ਕਰਦਾ ਹੈ? ਤੂੰ ਤਾਂ ਹਾਲੇ ਇਸ਼ਕ ਮਜ਼ਾਜੀ ਜਿੰਨੀ ਦੂਰ ਨਹੀਂ ਅੱਪੜਿਆ, ਹਕੀਕਤ ਤਾਂ ਬਹੁਤ ਪਰੇ ਹੈ। ਜਾ ਕੇ ਹੀਰ ਨੂੰ ਪੁੱਛ ਜਿਨ ਇਸ਼ਕ ਮਜ਼ਾਜੀ ਕਮਾਇਆ ਹੈ। ਇਹ ਸੁਣ ਕੇ ਬਾਬੇ ਫ਼ਰੀਦ ਨੇ ਤਸਬੀ ਭੁਵਾਂ ਕੇ ਮਾਰੀ ਤੇ ਕਹਿਣ ਲੱਗਾ, ਮੈਂ ਐਵੇਂ ਹੀ ਗਿਣਤੀ ਕਰਦਾ ਰਿਹਾ ਕਿ ਅੱਜ ਵੀਹ ਤਸਬੀਆਂ ਫੇਰੀਆਂ ਤੇ ਅੱਜ ਤੀਹ ਫੇਰੀਆਂ। ਉੱਠ ਤੁਰਿਆ ਸਿਆਲਾਂ ਨੂੰ ਕਿ ਹੀਰ ਨੂੰ ਪੁੱਛਾਂ ਉਸ ਨੇ ਕਿਵੇਂ ਇਸ਼ਕ ਮਜ਼ਾਜੀ ਵਿੱਚ ਮਨ ਲਾਇਆ ਹੈ।

ਜਾ ਪਹੁੰਚਾ ਸਿਆਲੀਂ ਤੇ ਪੁੱਛਦਾ ਫਿਰੇ ਕਿ ਮੈਂ ਮਾਈ ਹੀਰ ਨੂੰ ਮਿਲਣਾ ਹੈ। ਲੋਕਾਂ ਆਖਿਆ ਕਿ ਉਹ ਤਾਂ ਪਰਦੇ ਵਿੱਚ ਰਹਿੰਦੀ ਹੈ, ਕਿਸੇ ਨੂੰ ਨਹੀਂ ਮਿਲਦੀ, ਸਿਰਫ਼ ਦਿਨ ਵਿੱਚ ਇੱਕ ਬਾਬੂ ਰਾਮ ਦੀ ਹੱਟੀ ਤੋਂ ਸੌਦਾ ਲੈਣ ਆਉਂਦੀ ਹੈ, ਉਸ ਕੋਲੋਂ ਪਰਦਾ ਨਹੀਂ ਕਰਦੀ ਕਿਉਂਕਿ ਬਾਬੂ ਰਾਮ ਇੱਕ ਗਿਆਨਵਾਨ ਪੁਰਖ ਹੈ। ਫ਼ਰੀਦ ਨੇ ਬਾਬੂ ਰਾਮ ਦੀ ਹੱਟੀ 'ਤੇ ਖੁਦਾ-ਖੁਦਾ ਕੀਤਾ, ਤਾਂ ਬਾਬੂ ਰਾਮ ਕਿਹਾ ਆਉ ਸਾਈਂ ਜੀ ਕੀ ਹੁਕਮ ਹੈ? ਤਾਂ ਫ਼ਰੀਦ ਨੇ ਕਿਹਾ ਭਾਈ ਮੈਂ ਬੜੀ ਦੂਰੋਂ ਮਾਈ ਹੀਰ ਨੂੰ ਮਿਲਣ ਆਇਆ ਹਾਂ, ਲੋਕਾਂ ਦੱਸਿਆ ਹੈ ਉਹ ਤੇਰੀ ਹੱਟੀ 'ਤੇ ਸੌਦਾ ਲੈਣ ਆਉਂਦੀ ਹੈ ਅਤੇ ਤੇਰੇ ਕੋਲੋਂ ਪਰਦਾ ਨਹੀਂ ਕਰਦੀ। ਜਦੋਂ ਆਵੇਂ ਮੈਨੂੰ ਦੱਸ ਦੇਈਂ ਤਾਂ ਜੋ ਮੈਂ ਉਸ ਨਾਲ ਮਾਰਫ਼ਤ ਦੀਆਂ ਦੋ ਗੱਲਾਂ ਕਰਨੀਆਂ ਹਨ। ਬਾਬੂ ਰਾਮ ਨੇ ਕਿਹਾ, ਸਾਈਂ ਜੀ ਗੱਲ ਇਹ ਹੈ ਕਿ ਉਸ ਵੇਲੇ ਮੈਂ ਆਪ ਨੂੰ ਦੱਸ ਨਹੀਂ ਸੱਕਣਾ, ਕਿਉਂਕਿ ਜਦੋਂ ਹੀਰ ਆਉਂਦੀ ਹੈ ਤਾਂ ਮੈਂ ਵਜੂਦ ਵਿੱਚ ਆ ਜਾਂਦਾ ਹਾਂ। ਮੈਂ ਹੱਟੀ ਵਿੱਚੋਂ ਸਾਰੇ ਸੌਦੇ, ਖੰਡ, ਗੁੜ, ਲੂਣ, ਮਿਰਚ, ਦਾਲਾਂ ਆਦਿ ਬਾਹਰ ਰੱਖੀ ਜਾਂਦਾ ਹਾਂ। ਜਿਸ ਚੀਜ਼ ਦੀ ਵੀ ਲੋੜ ਹੁੰਦੀ ਹੈ, ਹੀਰ ਉਹ ਲੈ ਕੇ ਚਲੀ ਜਾਂਦੀ ਹੈ। ਫ਼ਰੀਦ ਸਾਈਂ ਮੈਂ ਫਿਰ ਆਪ ਨੂੰ ਦੱਸ ਨਹੀਂ ਸਕਾਂਗਾ ਕਿ ਇਹ ਹੀਰ ਹੈ।

ਫ਼ਰੀਦ ਨੇ ਆਖਿਆ ਮੈਂ ਤੇਰੀ ਬਾਤ ਸਮਝ ਲਈ ਹੈ, ਜਦੋਂ ਤੂੰ ਇਸ ਤਰ੍ਹਾਂ ਸੌਦੇ ਹੱਟੀ ਵਿੱਚੋਂ ਕੱਢ-ਕੱਢ ਬਾਹਰ ਰੱਖੀ ਜਾਏਂਗਾ, ਤਾਂ ਮੈਂ ਸਮਝਾਂਗਾ ਇਹੋ ਹੀਰ ਹੈ। ਹੱਟੀ ਦੇ ਨਾਲ ਹੀ ਮਸੀਤ ਸੀ, ਉਸ ਅੱਗੇ ਫ਼ਰੀਦ ਬੈਠ ਗਿਆ। ਨਮਾਜ਼ ਦਾ ਵਕਤ ਹੋ ਗਿਆ। ਉਜ਼ੂ

ਕੀਤਾ ਤੇ ਮਸੀਤ ਵਿੱਚ ਨਮਾਜ਼ ਪੜ੍ਹਨ ਲੱਗਾ ਤੇ ਨਾਲੋਂ ਨਾਲ ਚੋਰੀਂ ਅੱਖੀ ਹੱਟੀ ਵੱਲ ਝਾਕੀ ਜਾਏ ਕਿ ਕਿਤੇ ਹੀਰ ਤਾਂ ਨਹੀਂ ਆਈ। ਉਸ ਵੇਲੇ ਹੀਰ ਆ ਗਈ ਜਿਸ ਨੇ ਵੇਖਿਆ ਕਿ ਫਕੀਰ ਨਮਾਜ਼ ਪੜ੍ਹਦਾ-ਪੜ੍ਹਦਾ ਹੱਟੀ ਵੱਲ ਝਾਕੀ ਜਾਂਦਾ ਹੈ। ਬਾਬੂ ਰਾਮ ਦੁਕਾਨੋਂ ਸੌਦੇ ਕੱਢ ਕੇ ਬਾਹਰ ਰੱਖਣ ਲੱਗ ਪਿਆ ਤਾਂ ਫ਼ਰੀਦ ਨੇ ਸਮਝਿਆ ਹੀਰ ਆ ਗਈ। ਛੇਤੀ-ਛੇਤੀ ਨਮਾਜ਼ ਦੇ ਟੱਪੇ ਆਖੇ ਤੇ ਮਸੀਤੋਂ  ਬਾਹਰ ਆ ਗਿਆ। ਸਲਾਮ ਬੁਲਾ ਕੇ ਪੁੱਛਿਆ ਮਾਈ ਤੈਨੂੰ ਹੀਰ ਆਖਦੇ ਹਨ? ਹੀਰ ਨੇ ਕਿਹਾ ਹਾਂ ਫ਼ਕੀਰ ਸਾਈਂ, ਮੈਂ ਹੀ ਹੀਰ ਹਾਂ। ਤਾਂ ਫ਼ਰੀਦ ਬੋਲਿਆ ਸੁਣਿਆਂ ਤੂੰ ਇਸ਼ਕ ਮਜ਼ਾਜੀ ਵਿੱਚ ਪੂਰਨ ਹੈਂ। ਮੈਨੂੰ ਵੀ ਵਿਧੀ ਦੱਸ ਜੋ ਇਸ਼ਕ ਹਕੀਕੀ ਵਿੱਚ ਪੂਰਾ ਉੱਤਰਾਂ? ਹੀਰ ਨੇ ਹੱਸ ਕੇ ਆਖਿਆ ਫ਼ਕੀਰ ਸਾਈਂ ਮੈਂ ਆਪ ਨੂੰ ਮਸੀਤ ਵਿੱਚ ਨਮਾਜ਼ ਪੜ੍ਹਦਿਆਂ ਤੱਕਿਆ ਹੈ। ਚੋਰੀ ਅੱਖੀਂ ਬਾਹਰ ਝਾਕਦੇ ਸੋ, ਏਦਾਂ ਇਸ਼ਕ ਕਮਾਉਂਦਾ ਹੈ? ਉਰਾਂ ਕਰ ਕੰਨ ਮੇਰੇ ਵੀਣੀ ਨੂੰ ਲਾ ਕੇ ਸੁਣ..

ਫ਼ਰੀਦ ਨੇ ਜਦ ਹੀਰ ਦੀ ਵੀਣੀ ਨੂੰ ਕੰਨ ਲਾਇਆ ਤਾਂ ਰੋਮ-ਰੋਮ ਵਿੱਚੋਂ ਰਾਂਝਾ-ਰਾਂਝਾ ਦੀ ਆਵਾਜ਼ ਆਵੇ। ਹੈਰਾਨ ਪ੍ਰੇਸ਼ਾਨ ਹੋ ਗਿਆ ਫ਼ਰੀਦ ਕਿ ਹੈਂ, ਐਡੀ ਉੱਚੀ ਇਸ਼ਕ ਮਜ਼ਾਜੀ ਦੀ ਮੰਜ਼ਲ। ਪਤਾ ਨਹੀਂ ਹਕੀਕਤ ਕਿੱਡੀ ਉੱਚੀ ਹੋਵੂ? ਹੀਰ ਬੋਲੀ ਫਕੀਰ ਬਾਬਾ ਨਫਸ ਨੂੰ ਮਾਰ ਕੇ ਬੰਦਗੀ ਕਰ। ਜਿੰਨਾ ਚਿਰ ਤੇਰੇ ਰੋਮ-ਰੋਮ ਵਿੱਚੋਂ ਅੱਲ੍ਹਾ-ਅੱਲ੍ਹਾ ਦੀ ਸਦਾ ਨਹੀਂ ਨਿਕਲਦੀ ਉੱਨਾ ਚਿਰ ਫ਼ਕੀਰੀ ਕਾਹਦੀ।

ਹੁਣ ਤੁਸੀਂ ਦੱਸੋਂ ਤੁਹਾਡੇ ਰੋਮ-ਰੋਮ 'ਚੋਂ ਆਉਂਦੀ ਹੈ ਆਵਾਜ਼ ਤੁਹਾਡੇ ਮਹਿਬੂਬ ਦੀ?"

ਮੈਂ ਆਪਣੇ ਹੱਥ ਨੂੰ ਪੁੱਠਾ ਕਰ ਕੰਨ ਨਾਲ ਲਾਇਆ ਤਾਂ ਕੋਈ ਆਵਾਜ਼ ਨਾ ਆਈ। ਮੈਂ ਸੋਚਾਂ ਵਿੱਚ ਪੈ ਗਿਆ ਅਤੇ ਬਹੁਤ ਨਿਰਾਸ਼ ਹੋਇਆ ਕਿ ਮੇਰਾ ਤਾਂ ਇਸ਼ਕ ਮਜ਼ਾਜੀ ਹੀ ਨਹੀਂ ਹੋਇਆ, ਹਕੀਕੀ ਤਾਂ ਦੂਰ ਦੀ ਗੱਲ ਹੈ। ਮੈਂ ਹੱਥ ਕੰਨ ਨਾਲ ਲਾਇਆ ਸੋਚ ਰਿਹਾ ਸੀ ਕਿ ਨਸੀਬੋ ਹੱਸੀ ਤੇ ਬੋਲੀ..

"ਜੇ ਖੁਦ ਨੂੰ ਹੀ ਕੰਨ ਲਾ-ਲਾ ਸੁਣਨਾ ਪਵੇ ਫਿਰ ਕਾਹਦਾ ਰੋਮ-ਰੋਮ ਬੋਲੂ। ਛੱਡੋ ਰਹਿਣ ਦਿਉ ਤੁਹਾਡੇ ਵੱਸ ਵਿੱਚ ਹੈਨੀ। ਨਾ ਤਾਂ ਇਸ਼ਕ ਹਕੀਕੀ ਤੇ ਨਾ ਹੀ ਇਸ਼ਕ ਮਜ਼ਾਜੀ। ਤੁਹਾਨੂੰ ਤਾਂ ਖੁਦ ਨੂੰ ਹੀ ਨਹੀਂ ਅਹਿਸਾਸ ਕਿ ਤੁਹਾਨੂੰ ਇਸ਼ਕ ਹੈ ਵੀ ਜਾਂ ਨਹੀਂ।"

ਮੈਂ ਆਪਣਾ ਹੱਥ ਕੰਨ ਨਾਲੋਂ ਹਟਾਇਆ ਅਤੇ ਸੋਚਾਂ ਵਿੱਚ ਡੁੱਬ ਗਿਆ। ਕਿ ਵਾਕਿਆ ਮੈਨੂੰ ਤਾਂ ਖੁਦ ਨੂੰ ਹੀ ਨਹੀਂ ਅਹਿਸਾਸ ਕਿ ਮੈਨੂੰ ਇਸ਼ਕ ਹੈ ਵੀ ਜਾਂ ਨਹੀਂ। ਮੇਰੇ

ਮਨ ਵਿੱਚ ਸਵਾਲ ਆ ਗਿਆ ਕਿ ਇਹ ਇਸ਼ਕ ਦੇ ਅਹਿਸਾਸ ਦਾ ਪਤਾ ਕਿੰਝ ਲੱਗੂ। ਇਹ ਅਹਿਸਾਹ ਹੈ ਕੀ? ਮੇਰਾ ਧਿਆਨ ਇਸ਼ਕ ਦੇ ਭੇਦਾਂ ਤੋਂ ਹੱਟ ਇਸ਼ਕ ਦੇ ਅਹਿਸਾਸ ਤਰਫ਼ ਹੋ ਗਿਆ। ਜਦੋਂ ਸ਼ਹਿਨਾਜ ਨਾਲ ਮੇਰੀ ਪਹਿਲੀ ਵਾਰ ਲੜਾਈ ਹੋਈ ਸੀ।

**(4)**

ਮੈਨੂੰ ਯਾਦ ਆ। ਮੈਂ, ਮੇਰਾ ਯਾਰ ਜੋਬਨ ਅਤੇ ਕੁਲਵਿੰਦਰ ਬੜੇ ਹੀ ਗੁੱਸੇ ਵਿੱਚ ਪਾਰਕ ਵਿੱਚ ਬੈਠੇ ਹਰਸ਼ ਵੱਲ ਵਧੇ। ਉਹ ਸਾਡੇ ਤੋਂ ਪਿੱਛਾ ਕਰ ਇੱਕ ਬੈਂਚ ਉੱਤੇ ਬੈਠਾ ਸੀ। ਉਸਦੇ ਸਾਹਮਣੇ ਵਾਲੇ ਬੈਂਚ ਉੱਤੇ ਉਸਦੇ ਯਾਰ ਜੀਤਾ ਅਤੇ ਸੋਹਣ ਸਨ। ਜੀਤੇ ਨੇ ਜਿਉਂ ਹੀ ਸਾਨੂੰ ਆਉਂਦੇ ਵੇਖਿਆ। ਉਹ ਸਹਿਮ ਗਿਆ ਅਤੇ ਇਸ਼ਾਰੇ ਨਾਲ ਹਰਸ਼ ਨੂੰ ਸਾਡੇ ਆਉਣ ਦੀ ਖਬਰ ਦਿੱਤੀ। ਇਸ ਤੋਂ ਪਹਿਲਾਂ ਕਿ ਉਹ ਸੰਭਲਦਾ ਅਸੀਂ ਉਸ ਤੱਕ ਪਹੁੰਚ ਚੁੱਕੇ ਸੀ। ਜੋਬਨ ਅਤੇ ਕੁਲਵਿੰਦਰ ਮੇਰੇ ਪਿੱਛੇ ਸੀ ਤਾਂ ਮੈਂ ਹਰਸ਼ ਨੂੰ ਕਾਲਰੋਂ ਫੜ੍ਹ ਲਫੇੜੇ ਮਾਰਨੇ ਸ਼ੁਰੂ ਕਰ ਦਿੱਤੇ। ਹਰਸ਼ ਦੇ ਲਫੇੜੇ ਵੱਜਦੇ ਵੇਖ ਉਸਦੇ ਬੇਲੀ ਜੀਤਾ ਅਤੇ ਸੋਹਣ ਮਿੰਟ ਵਿੱਚ ਹੀ ਤਿੱਤਰ ਹੋ ਗਏ। ਹਰਸ਼ ਦੇ ਬੇਲੀਆਂ ਨੂੰ ਭੱਜਦਾ ਵੇਖ ਕੁਲਵਿੰਦਰ ਬੋਲਿਆ..

"ਖੜ੍ਹ ਜੋ ਤੁਹਾਡੀ ਭੈ........"

ਹਰਸ਼ ਦਾ ਕਦ ਮੇਰੇ ਨਾਲੋਂ ਇੰਚ ਦੋ ਇੰਚ ਉੱਚਾ ਸੀ ਪਰ ਉਸਦੀ ਹਿੰਮਤ ਨਾ ਹੋਈ ਜੁਆਬ ਵਿੱਚ ਹੱਥ ਚੁੱਕਣ ਦੀ। ਇੱਕ ਲਫੇੜਾ ਉਸਦੇ ਨੱਕ ਉੱਤੇ ਵੱਜਣ ਕਰਕੇ ਉਸਦੇ ਨੱਕ ਵਿੱਚੋਂ ਲਹੂ ਨਿਕਲਣ ਲੱਗ ਪਿਆ। ਉਹ ਛੁਡਾ ਕੇ ਭੱਜਣ ਲੱਗਾ ਤਾਂ ਬੈਂਚ ਵਿੱਚ ਵੱਜ ਹੇਠਾਂ ਡਿੱਗ ਪਿਆ। ਉਸਦੇ ਡਿੱਗਦਿਆਂ ਹੀ ਜੋਬਨ ਨੇ ਉਸਨੂੰ ਤਾਂਹ ਚੁੱਕਿਆ ਅਤੇ ਢਿੱਡ ਵਿੱਚ ਮੁੱਕਾ ਮਾਰਿਆ। ਦੂਜੀ ਵਾਰ ਫਿਰ ਮਾਰਿਆ ਅਤੇ ਬੋਲਿਆ..

"ਤੇਰੀਆਂ ਕੱਢਦੇ ਆ ਪੁੱਤ ਆਸ਼ਕੀਆਂ। ਤੂੰ ਜੰਮਿਆਂ ਨਵਾਂ ਆਸ਼ਿਕ।"

ਕੁਲਵਿੰਦਰ ਵੀ ਕਚੀਚੀ ਲੈਂਦੇ ਹੋਏ ਬੋਲਿਆ..

"ਇਹਨੂੰ ਬਣਾ ਅੱਜ ਰਾਂਝਾ।"

ਇਸ ਤੋਂ ਪਹਿਲਾਂ ਮੈਂ ਦੁਬਾਰਾ ਉਸਨੂੰ ਹੱਥ ਪਾਉਂਦਾ। ਪਿੱਛਿਉਂ ਉੱਚੀ ਅਤੇ ਗੁੱਸੇ ਵਿੱਚ ਸ਼ਹਿਨਾਜ ਨੇ ਆਵਾਜ਼ ਮਾਰੀ...

"ਲਵ...."

ਮੈਂ ਉਸਦੀ ਆਵਾਜ਼ ਵੱਲ ਧਿਆਨ ਨਾ ਦਿੱਤਾ ਤਾਂ ਉਹ ਆਵਾਜ਼ਾਂ ਮਾਰਦੀ ਹੋਈ ਮੇਰੇ ਕੋਲ ਆ ਗਈ। ਉਸਨੇ ਕੋਲ ਆ ਬੜੇ ਹੀ ਗੁੱਸੇ ਵਿੱਚ ਅਤੇ ਖਿੱਝ ਕੇ ਆਵਾਜ਼ ਮਾਰੀ...

"ਲਵ.. ਛੱਡੋ ਉਸਨੂੰ।"

ਜੋਬਨ ਨੇ ਹਰਸ਼ ਨੂੰ ਕਾਲਰੋਂ ਫੜਿਆ ਹੋਇਆ ਸੀ। ਤਾਂ ਸ਼ਹਿਨਾਜ ਫਿਰ ਤੋਂ ਬੋਲੀ..

"ਜੋਬਨ ਛੱਡ ਹਰਸ਼ ਨੂੰ।"

ਜੋਬਨ ਮੇਰੇ ਵੱਲ ਵੇਖਣ ਲੱਗਾ। ਸ਼ਹਿਨਾਜ ਫਿਰ ਤੋਂ ਬੋਲੀ..

"ਲਵ.. ਕਹੋ ਜੋਬਨ ਨੂੰ ਕਿ ਹਰਸ਼ ਨੂੰ ਛੱਡੇ।"

"ਛੱਡਦੇ ਜੋਬਨ।"

ਮੇਰੇ ਆਖਣ ਤੇ ਜੋਬਨ ਨੇ ਹਰਸ਼ ਨੂੰ ਜਿਉਂ ਹੀ ਛੱਡਿਆ। ਉਹ ਛੁਡਾ ਇੰਝ ਭੱਜਿਆ ਜਿਵੇਂ ਆਲ੍ਹੇ ਵਿੱਚੋਂ ਕੁੱਕੜ ਭੱਜਦਾ ਹੋਵੇ। ਸ਼ਹਿਨਾਜ ਬਹੁਤ ਗੁੱਸੇ ਵਿੱਚ ਲੱਗਦੀ ਸੀ। ਉਹ ਬੋਲੀ..

"ਬਹੁਤੀ ਬਦਮਾਸ਼ੀ ਆਉਂਦੀ ਤੁਹਾਨੂੰ?"

"ਬਦਮਾਸ਼ੀ ਕਾਹਦੀ ਭਰਜਾਈ ਏਦੇ 'ਚ। ਜਦੋਂ ਛਿੱਤਰਾਂ ਵਾਲੇ ਕੰਮ ਕਰਨੇ ਤਾਂ ਛਿੱਤਰ ਹੀ ਮਾਰਾਂਗੇ।

ਕੁਲਵਿੰਦਰ ਬੋਲਿਆ ਤਾਂ। ਸ਼ਹਿਨਾਜ ਨੱਕ ਮੂੰਹ ਵੱਟਦੀ ਹੋਈ ਮੈਨੂੰ ਕਹਿਣ ਲੱਗ ਪਈ...

"ਲਵ ਇਹਨੂੰ ਆਖ ਮੈਨੂੰ ਭਰਜਾਈ ਨਾ ਕਿਹਾ ਕਰੇ।"

"ਹੋਰ ਕੀ ਕਹਾਂ ਯਾਰ ਦੱਸ। ਸਾਡੇ ਯਾਰ ਦੀ ਨਾਲਦੀ ਸਾਡੀ ਭਰਜਾਈ ਹੀ ਹੋਈ।"

"ਲਵ... ਤੁਸੀਂ ਰੋਕਣਾ ਇਹਨੂੰ ਕਿ ਨਹੀਂ। ਰੋਕੋ ਇਹਨੂੰ, ਜੇ ਮੈਂ ਕੁਝ ਆਖ ਦਿੱਤਾ ਫਿਰ ਇਹਨਾਂ ਗੁੱਸਾ ਕਰਨਾ।"

ਮੈਂ ਕੁਲਵਿੰਦਰ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਅਤੇ ਇਸ਼ਾਰੇ ਨਾਲ ਹੀ ਉੱਥੋਂ ਜਾਣ ਲਈ ਕਿਹਾ। ਮੇਰਾ ਇਸ਼ਾਰਾ ਵੇਖਦੇ ਹੀ ਜੋਬਨ ਬੋਲਿਆ..

"ਆ ਕੁਲਵਿੰਦਰਾ ਆਪਾਂ ਠੰਡਾ-ਠੁੰਡਾ ਪੀ ਕੇ ਆਈਏ ਕੰਟੀਨ 'ਚੋ। ਦਿਮਾਗ ਬਾਲਾ ਤਪਿਆ ਪਿਆ ਈ ਅੱਜ। ਤੁਸੀਂ ਪੀਵੋਂਗੇ ਕਿ ਨਹੀਂ?"

"ਤੁਹਾਡੇ ਬਾਲੇ ਹੀ ਦਿਮਾਗ ਤਪਦੇ ਕੁਝ।"

ਸ਼ਹਿਨਾਜ ਦੇ ਬੋਲ ਸੁਣਦੇ ਹੀ ਕੁਲਵਿੰਦਰ ਅਤੇ ਜੋਬਨ ਸ਼ਰਾਰਤੀ ਭਰੇ ਅੰਦਾਜ਼ ਨਾਲ ਉੱਥੋਂ ਕੰਟੀਨ ਵੱਲ ਚਲੇ ਗਏ। ਮੈਂ ਉੱਥੇ ਹੀ ਬੈਂਚ ਉੱਤੇ ਬੈਠ ਗਿਆ। ਸ਼ਹਿਨਾਜ ਮੇਰੇ ਸਾਹਮਣੇ ਵਾਲੇ ਬੈਂਚ ਉੱਤੇ ਬੈਠ ਗਈ। ਬੈਠਦੇ ਸਾਰ ਹੀ ਬੋਲੀ....

"ਕੀ ਲੋੜ ਪਈ ਸੀ ਭਲਾ ਐਵੇਂ ਫਾਲਤੂ ਵਿੱਚ ਪੰਗੇ ਲੈਣਦੀ?"

"ਫਾਲਤੂ 'ਚ ਲੈ ਰਿਆ ਪੰਗੇ ਦੱਸ?"

"ਫਾਲਤੂ ਹੀ ਆ।"

"ਤੂੰ ਫਿਰ ਆਪਣੇ ਉੱਤੇ ਰੋਕ ਲਾ ਰੱਖ। ਨਾ ਹਵਾ ਦਿਆ ਕਰ ਆਹ ਲਫੰਡਰਾਂ ਨੂੰ।"

"ਹੁਣ ਮੇਰੇ ਤੇ ਨਾ ਸਾਰਾ ਚਿੱਕੜ ਸੁੱਟੋ।"

"ਜਦੋਂ ਕਸੂਰ ਤੇਰਾ ਤੇ ਗੱਲ ਵੀ ਤੇਰੀ ਹੀ ਹੋਣੀ ਏ।"

"ਮੈਂ ਚੱਲਦੀ ਹਾਂ। ਤੁਹਾਡੇ ਨਾਲ ਤਾਂ ਕੋਈ ਗੱਲ ਕਰਨੀ ਵੀ ਮਹਾਂ ਭਾਰੂ ਏ।"

ਇਹ ਆਖ ਸ਼ਹਿਨਾਜ ਗੁੱਸੇ ਵਿੱਚ ਉੱਠਣ ਲੱਗੀ ਤਾਂ ਮੈਂ ਉਸਨੂੰ ਬਾਹੋਂ ਫੜ ਲਿਆ। ਉਸਨੇ ਬਾਂਹ ਛੁਡਾਉਣ ਦੀ ਕੋਸ਼ਿਸ਼ ਕੀਤੀ ਪਰ ਮੈਂ ਨਾ ਛੱਡੀ। ਮੈਂ ਘੂਰੀ ਵੱਟਦੇ ਹੋਏ ਕਿਹਾ..

"ਬਹਿ ਜਾ ਏਥੇ।"

ਉਹ ਬੈਠ ਗਈ ਅਤੇ ਚੁੱਪ ਰਹੀ। ਮੈਂ ਉਸਦੀ ਬਾਂਹ ਛੱਡ ਦਿੱਤੀ। ਅਸੀਂ ਦੋਵੇਂ ਚੁੱਪ ਸੀ। ਮੈਂ ਉਸ ਵੱਲ ਨਜ਼ਰਾਂ ਭਰ ਵੇਖ ਰਿਹਾ ਸੀ। ਉਹ ਕਦੇ ਮੇਰੇ ਵੱਲ ਦੇਖਦੀ ਅਤੇ ਕਦੇ ਆਪਣੀ ਨਜ਼ਰ ਏਧਰ-ਓਧਰ ਘੁੰਮਾ ਲੈਂਦੀ। ਕੁਝ ਦੇਰ ਪਿੱਛੋਂ ਉਹ ਮੇਰੇ ਵੱਲ ਵੇਖਦੀ ਬੋਲੀ...

"ਤੁਹਾਨੂੰ ਕੋਈ ਅਹਿਸਾਸ ਹੀ ਨਹੀਂ ਹੈ ਕਿ ਮੈਂ ਕੀ-ਕੀ ਝੱਲ ਤੁਹਾਡੇ ਨਾਲ ਰਿਸ਼ਤਾ ਨਿਭਾ ਰਹੀ ਹਾਂ। ਮੈਨੂੰ ਤਾਂ ਲੱਗਦਾ ਤੁਹਾਨੂੰ ਮੇਰੇ ਪਿਆਰ ਦਾ ਅਹਿਸਾਸ ਨਹੀਂ ਕਿ ਮੈਂ ਕਿੰਨਾ ਕੁ ਕਰਦੀ ਹਾਂ।"

ਮੈਂ ਉਸਦੀ ਗੱਲ ਉੱਤੇ ਹੈਰਾਨ ਸੀ। ਉਹ ਕਿੰਝ ਆਖ ਸਕਦੀ ਹੈ ਕਿ ਮੈਨੂੰ ਕੁਝ ਨਹੀਂ ਪਤਾ ਕਿ ਉਹ ਕਿੰਨਾ ਕੁ ਪਿਆਰ ਕਰਦੀ ਏ। ਇਸ ਵਿੱਚ ਤਾਂ ਕੋਈ ਸਵਾਲ ਉਠਾਉਣ ਵਾਲੀ ਗੱਲ ਹੀ ਨਹੀਂ ਕਿ ਮੈਨੂੰ ਉਸਦੇ ਪਿਆਰ ਦਾ ਅਹਿਸਾਸ ਨਾ ਹੋਵੇ। ਮੈਨੂੰ ਤਾਂ ਕਦੇ-ਕਦੇ ਇੰਝ ਲੱਗਦਾ ਏ, ਜਿਵੇਂ ਉਸਨੂੰ ਅਹਿਸਾਸ ਨਹੀਂ ਕਿ ਮੈਂ ਉਸਨੂੰ ਕਿਸ ਕਦਰ ਪਿਆਰ ਕਰਦਾ ਹਾਂ। ਮੈਂ ਉਸ ਨਾਲ ਬਹਿਸ ਕਰਨੀ ਠੀਕ ਨਾ ਸਮਝੀ ਅਤੇ ਨਾ ਹੀ ਉਸਨੂੰ ਆਪਣਾ ਪਿਆਰ ਬਿਆਨ ਕਰਨ ਦੀ ਜਰੂਰਤ। ਮੈਂ ਬੜੇ ਸ਼ਾਂਤ ਚਿੱਤ ਨਾਲ ਕਿਹਾ...

"ਮੈਂ ਜਾਣਦਾ ਹਾਂ ਤੇ ਸਮਝਦਾ ਹਾਂ ਤੇਰੀਆਂ ਭਾਵਨਾਵਾਂ ਨੂੰ।"

"ਨਹੀਂ ਤੁਹਾਨੂੰ ਸੱਚੀਓ ਕੋਈ ਅਹਿਸਾਸ ਨਹੀਂ ਪਿਆਰ ਬਾਰੇ। ਮੈਨੂੰ ਤਾਂ ਲੱਗਦਾ ਤੁਹਾਨੂੰ ਪਿਆਰ ਦੀ ਪਰਿਭਾਸ਼ਾ ਹੀ ਨਹੀਂ ਪਤਾ। ਤੁਸੀਂ ਤਾਂ ਬਸ ਸੱਚੀਆਂ ਝੂਠੀਆਂ ਕਵਿਤਾਵਾਂ ਲਿਖ ਲੈਂਦੇ ਹੋ ਦੋ-ਚਾਰ ਕਿਤਾਬਾਂ ਵਿੱਚੋਂ ਅੱਖਰ ਲੱਭ। ਭਾਵਨਾ ਤਾਂ ਹੈਨੀ ਬਿਲਕੁਲ ਤੁਹਾਡੇ 'ਚ ਪਿਆਰ ਨੂੰ ਸਮਝਣ ਦੀ।"

ਮੈਨੂੰ ਸਮਝ ਨਹੀਂ ਆਈ ਮੈਂ ਉਸਨੂੰ ਕੀ ਜੁਆਬ ਦੇਵਾਂ। ਕਿੰਝ ਬਿਆਨ ਕਰਾਂ ਆਪਣੇ ਬਾਰੇ। ਜੇਕਰ ਉਹ ਡੇਢ ਸਾਲ ਤੋਂ ਨਾਲ ਹੋਣ ਪਿੱਛੋਂ ਮੈਨੂੰ ਨਹੀਂ ਜਾਣ ਪਾਈ ਤਾਂ ਫਿਰ ਹੁਣ ਉਸਨੂੰ ਆਪਣੇ ਪਿਆਰ ਦਾ ਅਹਿਸਾਸ ਕਿਵੇਂ ਕਰਾ ਸਕੂ ਭਲਾ? ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ ਅਤੇ ਬੜੀ ਹੀ ਹਲੀਮੀ ਨਾਲ ਸਭ ਗੱਲਾਂ ਉੱਤੇ ਮਿੱਟੀ ਪਾਉਂਦੇ ਹੋਏ ਕਿਹਾ..

"ਛੱਡ ਸ਼ਹਿਨਾਜ ਆਹ ਇਸ਼ਕ, ਅਹਿਸਾਸ ਵਾਲੀਆਂ ਗੱਲਾਂ। ਮੈਂ ਤੈਨੂੰ ਇਹ ਸਭ ਨਹੀਂ ਸਮਝਾ ਸਕਦਾ। ਕਿਉਂਕਿ ਮੈਨੂੰ ਪਤਾ ਤੂੰ ਸਮਝਣਾ ਹੀ ਨਹੀਂ।"

"ਮੈਂ ਨਹੀਂ ਤੁਸੀਂ ਸਮਝੋ। ਖੁਦ ਨੂੰ ਸਮਝਾਵੋ।"

"ਛੱਡ ਸ਼ਹਿਨਾਜ ਮੇਰਾ ਪਹਿਲਾਂ ਦਿਮਾਗ ਖਰਾਬ ਈ ਤੂੰ ਹੋਰ ਨਾ ਕਰ। ਮੈਂ ਤੇਰੇ ਨਾਲ ਜਿਦ ਨਹੀਂ ਸਕਦਾ।"

"ਦਿਮਾਗ ਖਰਾਬ ਮੇਰਾ ਵੀ ਹੋ ਰਿਹਾ ਏ। ਉਂਝ ਤਾਂ ਬੜੇ ਗਿਆਤਾ ਬਣਦੇ ਹੋ। ਹੈ ਜੁਆਬ ਤਾਂ ਦੱਸੋ ਭਲਾ, ਤੁਹਾਨੂੰ ਹੈ ਅਹਿਸਾਸ ਭੋਰਾ ਵੀ ਮੇਰੇ ਪਿਆਰ ਬਾਰੇ?"

"ਨਹੀਂ ਮੇਰੇ ਕੋਲ ਹੈਨੀ ਜੁਆਬ ਤੇਰੀਆਂ ਫਾਲਤੂ ਤੇ ਬੇ-ਤੁਕੀਆਂ ਗੱਲਾਂ ਦੇ। ਤੂੰ ਹੀ ਬਾਲੀ ਸਿਆਣੀ ਏ। ਸਭ ਦੀ ਮਾਂ ਬਣੀ ਫਿਰਦੀ ਏ। ਸਾਰਿਆਂ ਨੂੰ ਗਿਆਨ ਵੰਡਦੀ ਰਹਿੰਦੀ ਏ। ਐਵੇਂ ਨਹੀਂ ਆਹ ਹਰਸ਼ ਵਰਗੇ ਤੇਰੇ ਤੇ ਪੇਚੇ ਪਾਉਣ ਨੂੰ ਫਿਰਦੇ।"

"ਫਿਰ ਉਹਨਾਂ ਨੂੰ ਅਹਿਸਾਸ ਹੋਵੇਗਾ। ਤਦੇ ਤਾਂ ਉਹ ਮੇਰੇ ਅੱਗੇ-ਪਿੱਛੇ ਫਿਰਦੇ ਆ।"

"ਕਿਉਂ ਮੇਰੇ ਤੋਂ ਮਰਵਾਉਣੇ ਈ ਤੂੰ ਸਾਰੇ।"

"ਬਸ ਆਹੀ ਕੁਝ ਤਾਂ ਹੈ ਤੁਹਾਡੇ ਕੋਲ। ਸਿਆਪੇ ਪਾ ਲਏ, ਕਵਿਤਾਵਾਂ ਸੁਣਾ ਕੁੜੀਆਂ ਪਿੱਛੇ ਲਾ ਲਈਆਂ, ਮੋਟਸਾਇਕਲ ਉੱਤੇ ਗੇੜੀਆਂ ਮਾਰ ਲਈਆਂ। ਇਸ ਤੋਂ ਸਿਵਾ ਤਾਂ ਹੈਨੀ ਕੁਝ।"

"ਹੋਰ ਵੀ ਬਹੁਤ ਕੁਝ ਹੈ। ਉਹ ਵੀ ਗਿਣਾ ਦੇ। ਆਪਣੇ ਨਛੇੜੀ ਯਾਰਾਂ ਨਾਲ ਫਿਰਦਾ, ਆਪ ਵੀ ਨਸ਼ੇ ਕਰਦਾ। ਦੱਸਦੇ ਕੁਝ ਰਹਿ ਗਿਆ ਤਾਂ। ਕਿਹੜਾ ਪਹਿਲੀ ਵਾਰ ਦੱਸ ਰਹੀ ਏ।"

"ਨਸ਼ੇ ਵੀ ਕਰਨ ਲੱਗ ਪਵੋਂਗੇ ਜੇ ਨਹੀਂ ਕਰਦੇ ਤਾਂ। ਬਾਕੀ ਮੈਨੂੰ ਕੀ ਪਤਾ ਕਰਦੇ ਵੀ ਹੋਵੋ।"

"ਸ਼ਹਿਨਾਜ ਤੂੰ ਚੁੱਪ ਹੋਜਾ, ਕਿਤੇ ਸਾਰਾ ਗੁੱਸਾ ਤੇਰੇ ਉੱਤੇ ਨਾ ਨਿੱਕਲ ਜਾਵੇ।"

"ਅੱਛਾ ਤੇ ਮੇਰੇ ਉੱਤੇ ਵੀ ਹੱਥ ਚੁੱਕੋਗੇ ਹੁਣ।"

"ਜਾ ਸ਼ਹਿਨਾਜ ਤੂੰ ਜਾ ਏਥੋਂ। ਮੇਰਾ ਦਿਮਾਗ ਨਾ ਖਰਾਬ ਕਰ। ਮੈਨੂੰ ਹੋਰ ਨਾ ਤਪਾ।"

"ਨਹੀਂ ਮਾਰੋ ਤੁਸੀਂ ਮੈਨੂੰ। ਮੈਂ ਕਿਹੜਾ ਪਹਿਲੀ ਵਾਰ ਮਾਰ ਖਾਣੀ ਏ। ਜਿੱਥੇ ਹੋਰਾਂ ਤੋਂ ਖਾਧੀਆਂ ਨੇ ਤੁਸੀਂ ਵੀ ਕਰ ਲਵੋ ਆਪਣਾ ਰਾਂਝਾ ਰਾਜੀ।"

"ਤੂੰ ਨਹੀਂ ਜਾਣਾ ਲੱਗਦਾ ਮੈਨੂੰ ਹੀ ਜਾਣਾ ਪੈਣਾ।"

ਸਾਡੇ ਵਿੱਚ ਬੜੇ ਜ਼ੋਰਾਂ ਨਾਲ ਬਹਿਸ ਬਾਜੀ ਚੱਲ ਰਹੀ ਸੀ। ਮੈਂ ਬਹਿਸ ਨੂੰ ਠੰਡਾ ਕਰਨ ਲਈ ਬੈਂਚ ਤੋਂ ਉੱਠਿਆ ਅਤੇ ਤੁਰ ਪਿਆ ਤਾਂ ਸ਼ਹਿਨਾਜ ਬੋਲੀ..

"ਜਾਵੋ-ਜਾਵੋ। ਜਵਾਬਾਂ ਤੋਂ ਭੱਜਣਾ ਹੀ ਤਾਂ ਆਉਂਦਾ ਤੁਹਾਨੂੰ।"

ਮੈਂ ਕੁਝ ਨਾ ਬੋਲਿਆ ਅਤੇ ਨਾ ਹੀ ਉਸ ਵੱਲ ਮੁੜ ਕੇ ਵੇਖਿਆ ਤਾਂ ਉਹ ਫਿਰ ਬੋਲੀ..

"ਜਿੱਦਣ ਮੇਰਿਆਂ ਸਵਾਲਾਂ ਦੇ ਜੁਆਬ ਹੋਏ ਉਦਣ ਹੀ ਮੇਰੇ ਮੱਥੇ ਲੱਗਿਓ ਹੁਣ। ਦੱਸ ਦਿਆਂ ਮੈਂ ਤੁਹਾਨੂੰ।"

ਉਸਦੇ ਇੰਝ ਆਖਣ ਤੇ ਵੀ ਮੈਂ ਪਿੱਛਾ ਮੁੜ ਨਾ ਵੇਖਿਆ ਅਤੇ ਨਾ ਹੀ ਕੁਝ ਬੋਲਿਆ। ਮੈਂ ਜਾਣਦਾ ਸੀ ਉਸਦਾ ਗੁੱਸਾ ਕੁਝ ਵਕਤ ਲਈ ਹੁੰਦਾ ਹੈ। ਅਗਰ ਮੈਂ ਗੁੱਸੇ ਵਿੱਚ ਆ ਉਸਨੂੰ ਕੁਝ ਕਹਿ ਦਿੱਤਾ ਤਾਂ ਉਸਨੂੰ ਮਨਾਉਣਾ ਰੱਬ ਨੂੰ ਮਨਾਉਣ ਤੋਂ ਵੀ ਔਖਾ ਹੋ ਜਾਂਦਾ ਏ ਮੇਰੇ ਲਈ। ਇਸ ਲਈ ਮੈਂ ਹਾਲ ਦੀ ਘੜੀ ਉੱਥੋਂ ਚੁੱਪ-ਚਾਪ ਨਿਕਲਣਾ ਹੀ ਠੀਕ ਸਮਝਿਆ। ਪਰ ਉਹ ਕੁਝ ਨਾ ਕੁਝ ਬੋਲਦੀ ਹੀ ਰਹੀ।

ਮੇਰਾ ਧਿਆਨ ਸ਼ਹਿਨਾਜ ਦੀ ਯਾਦ ਵਿੱਚ ਗਵਾਚਿਆ ਹੋਇਆ ਤਾਂ ਕੋਲ ਬੈਠੀ ਨਸੀਬੋ ਨੇ ਮੈਨੂੰ ਹਿਲਾਇਆ ਅਤੇ ਕਿਹਾ..

"ਫਿਰ ਕਿੱਧਰ ਗਵਾਚ ਗਏ?"

ਮੈਂ ਮਾਯੂਸ ਸੀ, ਸ਼ਹਿਨਾਜ ਦਾ ਓਹੀ ਇਸ਼ਕ ਦੇ ਅਹਿਸਾਸ ਵਾਲਾ ਸਵਾਲ ਇੱਕ ਵਾਰ ਫਿਰ ਤੋਂ ਮੇਰੇ ਸਾਹਮਣੇ ਆ ਗਿਆ ਸੀ। ਮੈਂ ਸਮਝ ਗਿਆ ਕਿ ਉਸ ਵਕਤ ਸ਼ਾਇਦ ਸ਼ਹਿਨਾਜ ਆਪਣੀ ਥਾਂ ਉੱਤੇ ਸਹੀ ਸੀ। ਮੈਨੂੰ ਵਾਕਿਆ ਹੀ ਨਾ ਇਸ਼ਕ ਬਾਰੇ ਪਤਾ ਸੀ, ਨਾ ਉਸਦੇ ਅਹਿਸਾਸ ਬਾਰੇ। ਮੈਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਮੈਨੂੰ ਇਸ਼ਕ ਹੈ ਵੀ ਜਾਂ ਨਹੀਂ। ਮੇਰੀ ਚਾਹਤ ਹੋਈ ਕਿ ਓਹੀ ਸਵਾਲ ਦਾ ਜੁਆਬ ਨਸੀਬੋ ਦੇਵੇ ਤਾਂ ਮੈਂ ਬੜੇ ਉਤਾਵਲੇ ਹੋ ਪੁੱਛਿਆ...

"ਇਹ ਇਸ਼ਕ ਦਾ ਅਹਿਸਾਸ ਹੈ ਕੀ? ਮੈਨੂੰ ਕਿੰਝ ਅਹਿਸਾਸ ਹੋਊ ਕਿ ਮੈਨੂੰ ਇਸ਼ਕ ਹੈ?"

ਨਸੀਬੋ ਨੇ ਇੱਕ ਦਮ ਮੇਰੇ ਸਵਾਲ ਦੇ ਜੁਆਬ ਵੱਲ ਰੁੱਖ ਕੀਤਾ ਅਤੇ ਬੜੇ ਹੀ ਸਿਦਕ ਭਾਵ ਨਾਲ ਜੁਆਬ ਦੇਣਾ ਸ਼ੁਰੂ ਕੀਤਾ।

"ਦੇਖੋ ਅਹਿਸਾਸ ਹੈ ਸਾਡੇ ਅੰਦਰ ਕਿਸੇ ਦੀ ਮੌਂਜੂਦਗੀ ਦਾ ਹੋਣਾ। ਉਹ ਚਾਹੇ ਨਫ਼ਰਤ ਵਿੱਚ ਹੋਵੇ, ਇਸ਼ਕ ਵਿੱਚ ਹੋਵੇ ਜਾਂ ਗਿਲੇ ਸ਼ਿਕਵਿਆਂ ਵਿੱਚ। ਜਦੋਂ ਕਿਸੇ ਦੇ ਹੋਣ ਨਾ ਹੋਣ ਦਾ ਸਾਨੂੰ ਫਰਕ ਪੈਣ ਲੱਗਦਾ ਹੈ ਤਾਂ ਸਾਨੂੰ ਕਿਤੇ ਨਾ ਕਿਤੇ ਘਾਟ ਮਹਿਸੂਸ ਹੁੰਦੀ ਹੈ। ਸਾਨੂੰ ਆਪਣੇ ਵਿੱਚ ਕਮੀਆਂ ਮਹਿਸੂਸ ਹੋਣ ਲੱਗਦੀਆਂ ਨੇ ਤੇ ਬੋਝ ਵੱਧਦਾ ਲੱਗਦਾ ਹੈ ਕਿਸੇ ਵੀ ਤਰ੍ਹਾਂ ਦਾ।"

ਉਸ ਨੇ ਅਜੇ ਗੱਲ ਖਤਮ ਨਹੀਂ ਸੀ ਕੀਤੀ ਕਿ ਮੈਂ ਵਿੱਚੇ ਹੀ ਟੋਕਦੇ ਹੋਏ ਪੁੱਛਿਆ..

"ਕੀ ਮਹਿਸੂਸ ਹੋਣਾ ਹੀ ਅਹਿਸਾਸ ਹੋਣਾ ਹੈ?"

"ਨਹੀਂ ਇਹਨਾਂ ਦੋਨਾਂ ਵਿੱਚ ਫਰਕ ਹੈ। ਬਹੁਤਾ ਨਹੀਂ, ਪਰ ਹੈ।"

"ਕੀ ਫਰਕ ਹੈ?"

"ਜੋ ਮਹਿਸੂਸ ਹੋਣਾ ਹੈ ਉਹ ਆਪਾਂ ਆਮ ਤੌਰ ਤੇ ਬਾਹਰੀ ਚੀਜ਼ਾਂ ਸਾਡੇ ਨਾਲ ਘਟਨ ਤੇ ਵਰਤਦੇ ਹਾਂ। ਜਾਂ ਫਿਰ ਬਾਹਰੀ ਭਵਨਾਵਾਂ ਲਈ। ਜਿਵੇਂ ਤੁਹਾਡੇ ਕੰਡਾ ਚੁਭਿਆ ਤਾਂ ਤੁਹਾਨੂੰ ਦਰਦ ਮਹਿਸੂਸ ਹੋਵੇਗਾ। ਨਾ ਕਿ ਉਸਦਾ ਅਹਿਸਾਸ। ਸਾਡੇ ਕਿਤੇ ਸੱਟ ਲੱਗੇ ਤਾਂ ਮਹਿਸੂਸ ਹੋਵੇ ਸਾਡੇ ਤਨ ਨੂੰ। ਅਹਿਸਾਸ ਮਨ ਨੂੰ ਹੁੰਦਾ ਤੇ ਮਹਿਸੂਸ ਤਨ ਨੂੰ। ਬਾਹਰੀ ਭਾਵਨਾਵਾਂ ਦਾ ਤਾਲੁਕਾਤ ਤਨ ਨਾਲ ਹੈ, ਇਸ ਲਈ ਉਹ ਮਹਿਸੂਸ ਹੁੰਦੀਆਂ ਨੇ ਤੇ ਅੰਦਰੂਨੀ ਭਾਵਨਾਵਾਂ ਦਾ ਤਾਲੁਕਾਤ ਮਨ ਨਾਲ ਹੈ, ਇਸ ਲਈ ਉਹਨਾਂ ਦਾ ਅਹਿਸਾਸ ਹੁੰਦਾ ਹੈ। ਇਸ ਲਈ ਦਰਦ ਮਹਿਸੂਸ ਹੁੰਦਾ ਹੈ ਤੇ ਪਿਆਰ ਜਾਂ ਨਫ਼ਰਤ ਦਾ ਅਹਿਸਾਸ ਹੁੰਦਾ ਹੈ।"

"ਹਾਂਜੀ ਇਹਨਾਂ ਵਿਚਲੇ ਭੇਦ ਨੂੰ ਤਾਂ ਮੈਂ ਸਮਝ ਗਿਆ ਪਰ, ਕੋਈ ਸਾਡੇ ਕੋਲ ਹੈ, ਸਾਡੇ ਅੰਦਰ ਹੈ, ਸਾਨੂੰ ਉਸ ਬਾਰੇ ਕਿਵੇਂ ਅਹਿਸਾਸ ਹੋਵੇਗਾ? ਇਸਦੀਆਂ ਕੀ ਨਿਸ਼ਾਨੀਆਂ ਹੋ ਸਕਦੀਆਂ ਨੇ?"

"ਜਿਸ ਬਾਰੇ ਆਪਾਂ ਹਰ ਵਕਤ ਸੋਚੀਏ। ਸਵੇਰੇ ਉੱਠਦੇ ਵੀ ਤੇ ਰਾਤ ਸਾਉਂਦੇ ਵੀ। ਜਾਂ ਫਿਰ ਹਰ ਵਕਤ ਨਾ ਭਾਵੇਂ, ਦਿਨ ਵਿੱਚ ਉਹ ਯਾਦ ਜਰੂਰ ਆਵੇ। ਭਾਵ ਜਿਸ ਦੇ ਹੋਣ ਨਾਲ ਸਾਨੂੰ ਫ਼ਰਕ ਪਵੇ। ਜੋ ਸਾਡੇ ਖਿਆਲਾਂ ਵਿੱਚ ਘੁੰਮੇ। ਜੇ ਉਹ ਨੇੜੇ ਹੈ ਤਾਂ ਉਸ ਨੂੰ ਗਵਾਉਣ ਦਾ ਡਰ ਅੰਦਰ ਭਣਪੇ, 'ਤੇ ਜੇ ਉਹ ਦੂਰ ਹੋਵੇ ਤਦ ਵੀ ਉਸ ਨੂੰ ਗਵਾਉਣ ਦਾ ਡਰ ਹੋਵੇ।"

ਉਸ ਨੇ ਜੁਆਬ ਦਿੱਤਾ ਤਾਂ ਮੇਰਾ ਸਵਾਲ ਅਗਲੇ ਕਦਮ ਵੱਲ ਨੂੰ ਵਧਿਆ। ਇਹ ਅਹਿਸਾਸ ਮੈਨੂੰ ਉਲਝਾ ਰਿਹਾ ਸੀ। ਮੈਂ ਇਸ ਨੂੰ ਚੰਗੀ ਤਰ੍ਹਾਂ ਸੁਲਝਾਉਣ ਲਈ ਫਿਰ ਤੋਂ ਸਵਾਲ ਕਰਿਆ..

"ਪਰ ਸਾਨੂੰ ਕਿਵੇਂ ਪਤਾ ਚੱਲੂ ਕਿ ਸਾਨੂੰ ਅਹਿਸਾਸ ਹੋ ਰਿਹਾ ਹੈ? ਅਹਿਸਾਸ ਤਾਂ ਇੱਕ ਭਾਵਨਾ ਹੈ। ਪਰ ਸਾਡੇ ਜਹਿਨ ਵਿਚ ਇਹ ਸ਼ਬਦ ਜਨਮ ਕਿਵੇਂ ਲੈ ਸਕਦਾ ਹੈ? ਕੀ ਸਾਡੇ ਦਿਮਾਗ ਵਿੱਚ ਇਹ ਸ਼ਬਦ ਆਉਣ ਤੇ ਹੀ ਸਾਨੂੰ ਅਹਿਸਾਸ ਬਾਰੇ ਪਤਾ ਲੱਗਦਾ ਹੈ ਜਾਂ ਫਿਰ ਘਾਟ ਹੋਣ ਪਿੱਛੋਂ?"

"ਜਦੋਂ ਕੁਝ ਅਜੀਬ ਵਾਪਰੇ, ਮੀਂਹ ਪੈਣ ਲੱਗੇ, ਹਵਾ ਚੱਲੇ, ਪੱਤੇ ਉੱਡਣ, ਆਸ-ਪਾਸ ਗਾਣ ਵੱਜਣ ਲੱਗਣ, ਗਰਮੀ ਵਿੱਚ ਠੰਡ ਲੱਗੇ, ਠੰਡ ਵਿੱਚ ਗਰਮੀ ਲੱਗੇ।"

"ਨਹੀਂ, ਮੈਂ ਕਿਤਾਬੀ ਜਾਂ ਫਿਲਮੀ ਗੱਲਾਂ ਦੀ ਗੱਲ ਨਹੀਂ ਕਰਦਾ। ਅਸਲ ਵਿੱਚ ਕਿਵੇਂ ਅਹਿਸਾਸ ਬਾਰੇ ਪਤਾ ਲੱਗਦਾ ਉਹ ਦੱਸੋ।"

"ਮਜ਼ਾਕ ਨਹੀਂ ਹੈ। ਮੈਂ ਅਸਲ ਚੀਜ਼ਾਂ ਬਾਰੇ ਹੀ ਦੱਸ ਰਹੀਂ ਹਾਂ। ਜਿੰਨ੍ਹਾਂ ਨੂੰ ਅਸਲ ਵਿੱਚ ਇਸ਼ਕ ਹੁੰਦਾ ਹੈ। ਉਹਨਾਂ ਨਾਲ ਇਹ ਸਭ ਵਾਪਰਦਾ ਹੈ। ਜਦੋਂ ਅਜੀਬ-ਅਜੀਬ ਅਹਿਸਾਸ ਹੋਣ। ਜਦੋਂ ਤੁਹਾਨੂੰ ਪਤਾ ਹੈ ਕਿ ਉਹ ਇਨਸਾਨ ਤੁਹਾਡੇ ਤੋਂ ਬਹੁਤ ਦੂਰ ਹੈ, ਫਿਰ ਤੁਹਾਨੂੰ ਸਭ ਤੋਂ ਨੇੜੇ ਲੱਗੇ। ਉਹਦੀ ਯਾਦ ਪਲ ਭਰ ਵੀ ਤੁਹਾਡੇ ਦਿਲੋਂ ਦਿਮਾਗ ਵਿੱਚੋਂ ਨਾ ਜਾਵੇ। ਤੁਸੀਂ ਆਪਣੀ ਨਿੱਕੀ ਤੋਂ ਨਿੱਕੀ, ਵੱਡੀ ਤੋਂ ਵੱਡੀ ਖੁਸ਼ੀ ਜਾਂ ਦੁੱਖ ਉਸ ਨਾਲ ਵੰਡੋ, ਉਸ ਨਾਲ ਸਾਂਝਾ ਕਰਨਾ ਚਾਹੋ।"

ਉਹ ਜੁਆਬ ਦੇ ਰੁਕ ਗਈ ਤਾਂ ਮੈਂ ਸੋਚ ਵਿਚਾਰ ਕਰ ਬੋਲਿਆ...

"ਹਾਂਜੀ ਠੀਕ ਹੈ। ਸਾਨੂੰ ਇਹ ਸਭ ਚੀਜ਼ਾਂ ਮਹਿਸੂਸ ਤਾਂ ਹੁੰਦੀਆਂ ਨੇ ਪਰ ਇਹ ਤਦ ਤੱਕ ਸਾਡੇ ਤੇ ਅਸਰ ਨਹੀਂ ਕਰਦੀਆਂ ਜਦ ਤੱਕ ਸਾਡੇ ਦਿਮਾਗ ਵਿੱਚ ਅਹਿਸਾਸ ਸ਼ਬਦ

ਜਨਮ ਨਾ ਲਵੇ। ਅਸੀਂ ਤਦ ਤੱਕ ਇਹਨਾਂ ਸਭ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਦੇ ਰਹਿੰਦੇ ਹਾਂ। ਅਸੀਂ ਇਹਨਾਂ ਤੋਂ ਮੂੰਹ ਮੋੜਦੇ ਰਹਿੰਦੇ ਹਾਂ। ਭਾਵੇਂ ਸਾਨੂੰ ਇਹ ਨਿਸ਼ਾਨੀਆਂ ਹਰ ਰੋਜ਼ ਕਿੰਨੀ ਵਾਰ ਹੀ ਸਾਡੇ ਵਿੱਚ ਨਜ਼ਰ ਆਉਣ ਜਾਂ ਫਿਰ ਸਾਨੂੰ ਮਹਿਸੂਸ ਹੋਣ।"

"ਹਾਂਜੀ ਬਿਲਕੁਲ ਠੀਕ ਸਮਝੇ।"

ਉਸਦਾ ਅਹਿਸਾਸ ਵਾਲਾ ਜੁਆਬ ਚੰਗੀ ਤਰ੍ਹਾਂ ਮੇਰੇ ਜਹਿਨ ਵਿੱਚ ਬੈਠ ਗਿਆ ਜਾਪਦਾ ਸੀ। ਪਰ ਮੇਰਾ ਸਵਾਲ ਅਜੇ ਖਤਮ ਨਹੀਂ ਸੀ ਹੋਇਆ। ਜਿਵੇਂ-ਜਿਵੇਂ ਉਹ ਇਹ ਅਹਿਸਾਸ ਤੋਂ ਪਰਦੇ ਚੁੱਕਦੀ ਜਾ ਰਹੀ ਸੀ ਮੇਰੀ ਇੱਛਾ ਇਸ ਨੂੰ ਹੋਰ ਡੂੰਘਾਈ ਵਿੱਚ ਜਾਣਨ ਦੀ ਹੁੰਦੀ ਜਾਂਦੀ ਸੀ। ਮੈਂ ਫਿਰ ਤੋਂ ਸਵਾਲ ਕੀਤਾ...

"ਕੀ ਇਹ ਅਹਿਸਾਸ ਆਪਣੇ ਆਪ ਹੁੰਦਾ ਹੈ ਜਾਂ ਫਿਰ ਇਹ ਕਿਸੇ ਨੂੰ ਕਰਵਾਇਆ ਜਾਂ ਦੱਸਿਆ ਵੀ ਜਾ ਸਕਦਾ ਹੈ? ਜਾਂ ਫਿਰ ਸਾਨੂੰ ਕੋਈ ਕਰਵਾ ਸਕਦਾ ਹੈ?"

"ਨਹੀਂ ਕੋਈ ਕਿਸੇ ਨੂੰ ਅਹਿਸਾਸ ਨਹੀਂ ਕਰਵਾ ਸਕਦਾ। ਖਾਸ ਕਰ ਇਸ਼ਕ ਦੇ ਮਾਮਲੇ ਵਿੱਚ। ਜਦ ਤੱਕ ਕੋਈ ਖੁਦ ਅਹਿਸਾਸ ਨਾ ਕਰਨਾ ਚਾਹੇ। ਕਦੇ ਅਹਿਸਾਸ ਨਹੀਂ ਹੁੰਦਾ ਕਿਸੇ ਦੀਆਂ ਭਾਵਨਾਵਾਂ ਦਾ। ਕਿਸੇ ਦੇ ਇਸ਼ਕ ਦਾ ਨਾ ਹੀ ਕਿਸੇ ਦੀ ਨਫ਼ਰਤ ਦਾ। ਜਦ ਤੱਕ ਸਾਡਾ ਖੁਦ ਦਾ ਮਨ ਰਾਜੀ ਨਾ ਹੋਵੇ, ਅਸੀਂ ਕਿਸੇ ਦੇ ਅਹਿਸਾਸ ਬਾਰੇ ਸੋਚਦੇ ਵੀ ਨਹੀਂ ਹਾਂ। ਇਨਸਾਨ ਅਹਿਸਾਸ ਨੂੰ ਆਪ ਜਨਮ ਦੇਂਦਾ ਹੈ। ਇਹ ਆਪਣੇ ਆਪ ਨਹੀਂ ਹੁੰਦਾ।"

"ਮਤਲਬ ਇਨਸਾਨ ਖੁਦ ਚਾਹੇਗਾ ਤਾਂ ਹੀ ਉਸ ਦੇ ਦਿਮਾਗ ਵਿੱਚ ਅਹਿਸਾਸ ਜਨਮ ਲਵੇਗਾ, ਨਹੀਂ ਤਾਂ ਨਹੀਂ। ਮਤਲਬ ਇਹ ਆਪਣੇ ਆਪ ਨਹੀਂ ਹੁੰਦਾ।"

ਉਸਦੇ ਜੁਆਬ ਦੇਣ ਪਿੱਛੋਂ ਮੈਂ ਉਸਦੇ ਜੁਆਬ ਵਿੱਚ ਹਾਮੀ ਭਰਦੇ ਹੋਏ ਬੋਲਿਆ ਤਾਂ ਉਹ ਬੋਲੀ...

"ਦੇਖੋ ਅਹਿਸਾਸ ਦੇ ਦੋ ਪਹਿਲੂ ਹਨ। ਇੱਕ ਇਹ ਆਪਣੇ ਆਪ ਵੀ ਹੋ ਸਕਦਾ ਹੈ ਤੇ ਦੂਸਰਾ ਇਹ ਸਾਡੀ ਮਰਜੀ ਨਾਲ ਹੁੰਦਾ ਹੈ।"

"ਮੈਂ ਸਮਝਿਆ ਨਹੀਂ, ਉਹ ਕਿਵੇ?"

"ਆਪਣੇ ਆਪ ਅਹਿਸਾਸ ਤਦ ਹੋਵੇਗਾ ਜਦੋਂ ਇਸ਼ਕ ਸ਼ੁਰੂਆਤ ਵਿੱਚ ਇੱਕ ਤਰਫਾ ਹੋਵੇ। ਕਿਉਂਕਿ ਇੱਕ ਤਰਫਾ ਅਹਿਸਾਸ ਇਨਸਾਨ ਨੂੰ ਖੁਦ ਹੁੰਦਾ ਹੈ। ਇੱਕ ਤਰਫੇ ਅਹਿਸਾਸ ਵਿੱਚ ਇਨਸਾਨ ਨੂੰ ਖੁਦ ਨੂੰ ਅਹਿਸਾਸ ਕਰਵਾਉਣ ਲਈ ਕਿਸੇ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਹੀਂ ਕਰਨੀਆਂ ਪੈਂਦੀਆਂ। ਉਸਨੂੰ ਕੋਈ ਯਤਨ ਨਹੀਂ ਕਰਨਾ ਪੈਂਦਾ। ਉਹ ਆਪਣੇ ਆਪ ਨਾਲ ਕਿਸੇ ਤਰ੍ਹਾਂ ਦੀ ਜਬਰਦਸਤੀ ਨਹੀਂ ਕਰਦਾ।"

"ਮੁਆਫ ਕਰਨਾ ਮੈਂ ਅਜੇ ਵੀ ਤੁਹਾਡੇ ਜੁਆਬ ਨੂੰ ਜਹਿਨ ਵਿੱਚ ਨਹੀਂ ਬਿਠਾ ਪਾ ਰਿਹਾ।"

"ਦੇਖੋ ਸ਼ੁਰੂਆਤ ਵਿੱਚ ਇੱਕ ਇਨਸਾਨ ਨੂੰ ਦੂਸਰੇ ਇਨਸਾਨ ਤਰਫ਼ ਖਿੱਚ ਪੈਂਦੀ ਹੈ। ਉਹ ਉਸਨੂੰ ਚੰਗਾ ਲੱਗਦਾ ਹੈ। ਮਤਲਬ ਉਸਨੂੰ ਦੂਸਰੇ ਨਾਲ ਪਿਆਰ ਹੋ ਜਾਂਦਾ ਹੈ। ਇਹ ਅਹਿਸਾਸ ਪਹਿਲਾਂ ਇੱਕ ਨੂੰ ਹੋਇਆ। ਮਤਲਬ ਉਸਨੂੰ ਆਪਣੇ ਆਪ ਅਹਿਸਾਸ ਹੋਇਆ। ਨਾ ਤਾਂ ਉਸਨੂੰ ਕਿਸੇ ਹੋਰ ਨੇ ਅਹਿਸਾਸ ਕਰਵਾਇਆ ਤੇ ਨਾ ਹੀ ਉਸਨੇ ਖੁਦ ਨੂੰ ਅਹਿਸਾਸ ਕਰਵਾਇਆ। ਜੋ ਹੋਇਆ ਸਭ ਖੁਦ-ਬਾ-ਖੁਦ ਹੋਇਆ। ਉਸਨੂੰ ਕੋਈ ਕੋਸ਼ਿਸ਼ ਨਹੀਂ ਕਰਨੀ ਪਈ।"

"ਹਾਂਜੀ ਇਹ ਤਾਂ ਆਪਣੇ ਆਪ ਅਹਿਸਾਸ ਵਾਲੀ ਗੱਲ ਹੋ ਗਈ। ਪਰ ਦੂਸਰਾ ਪਹਿਲੂ ਕੀ ਹੈ? ਜੋ ਆਪਣੀ ਮਰਜੀ ਨਾਲ ਖੁਦ ਨੂੰ ਅਹਿਸਾਸ ਕਰਵਾਏਗਾ?"

"ਜਦੋਂ ਪਹਿਲੇ ਇਨਸਾਨ ਨੂੰ ਖੁਦ-ਬਾ-ਕੁਦ ਅਹਿਸਾਸ ਹੋਵੇ ਤਾਂ ਦੂਸਰਾ ਉਸ ਇਨਸਾਨ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਉਸਦੇ ਅਹਿਸਾਸ ਨੂੰ ਸਵੀਕਾਰ ਕਰਦਾ ਹੈ। ਭਾਵ ਉਸਨੂੰ ਆਪਣੇ ਆਪ ਅਹਿਸਾਸ ਨਹੀਂ ਹੋਇਆ। ਜਦੋਂ ਉਸਨੇ ਉਸ ਇਨਸਾਨ ਦੀਆਂ ਭਾਵਨਾਵਾਂ ਨੂੰ ਉਸਦੇ ਅਹਿਸਾਸਾਂ ਨੂੰ ਸਮਝਿਆ ਤਾਂ ਫਿਰ ਉਸਨੇ ਸਵੀਕਾਰ ਕੀਤਾ। ਫਿਰ ਉਸਨੂੰ ਅਹਿਸਾਸ ਹੋਇਆ।"

"ਪਰ ਉਸਨੇ ਇਹ ਅਹਿਸਾਸ ਆਪਣੇ ਆਪ ਨੂੰ ਕਿਵੇਂ ਕਰਵਾਇਆ? ਭਾਵ ਕੀ ਕਾਰਨ ਸੀ ਜੋ ਉਸਨੇ ਕਿਸੇ ਦੇ ਅਹਿਸਾਸ ਨੂੰ ਸਮਝਿਆ ਜਾਂ ਸਵੀਕਾਰ ਕੀਤਾ? ਕੀ ਇਸ ਲਈ ਕੋਈ ਘਟਨਾ ਵਾਪਰੀ ਜਾਂ ਫਿਰ ਉਸਨੂੰ ਅਹਿਸਾਸ ਕਰਵਾਉਣ ਵਾਲੇ ਨੇ ਕੋਈ ਐਸਾ ਕਾਰਜ ਕਰਿਆ ਜਿਸ ਨਾਲ ਉਸਨੂੰ ਅਹਿਸਾਸ ਹੋ ਸਕੇ?"

"ਦੇਖੋ ਜਦੋਂ ਦਿਖਾਈ ਦੇਂਦਾ ਹੈ ਕਿ ਕੋਈ ਸਾਡੇ ਲਈ ਕਿਸ ਹੱਦ ਤੱਕ ਤਿਆਗ ਕਰ ਰਿਹਾ ਹੈ। ਉਹ ਸਾਡੀ ਨਿੱਕੀ ਤੋਂ ਨਿੱਕੀ ਖੁਸ਼ੀ ਖਾਤਿਰ ਆਪਣੇ ਆਪਨੂੰ ਵੇਚਣ ਤੱਕ ਲਈ

ਤਿਆਰ ਹੈ। ਤੁਹਾਡੇ ਕੰਡਾ ਚੁਭਣ ਤੇ ਪੀੜ ਉਸਦੇ ਹੋਵੇ। ਉਹ ਪੂਰਨ ਤੌਰ ਤੇ ਸਮਰਪਣ ਕਰ ਰਿਹਾ ਹੋਵੇ। ਉਸਨੂੰ ਆਪਣੇ ਆਤਮ ਸਨਮਾਨ ਦੀ ਕੋਈ ਪਰਵਾਹ ਨਹੀਂ। ਭਾਵੇਂ ਤੁਸੀਂ ਉਸਨੂੰ ਜਲੀਲ ਕਰੋ ਜਾਂ ਫਿਰ ਕਿੰਨੀ ਵਾਰ ਹੀ ਨਕਾਰੋ। ਉਸਨੂੰ ਤੁਹਾਡੇ ਪਿਆਰ ਨਾਲ ਜਾਂ ਨਫ਼ਰਤ ਨਾਲ ਕੋਈ ਫਰਕ ਨਾ ਪਵੇ। ਜਦੋਂ ਉਹ ਨਿੱਤ ਤੁਹਾਨੂੰ ਖਿੜੇ ਮੱਥੇ ਮਿਲੇ। ਭਾਵੇਂ ਤੁਸੀਂ ਉਸ ਨਾਲ ਕਿੰਨੇ ਵੀ ਨਰਾਜ਼ ਹੋਵੋ ਜਾਂ ਉਸ ਉੱਪਰ ਕਿੰਨਾ ਵੀ ਗੁੱਸਾ ਹੋਵੋਂ। ਉਸਨੂੰ ਫਰਕ ਨਾ ਪੈਂਦਾ ਹੋਵੇ। ਉਹ ਖੁਸ਼ੀ-ਖੁਸ਼ੀ ਤੁਹਾਡਾ ਪਿਆਰ ਤੇ ਨਰਾਜ਼ਗੀ ਆਪਣੇ ਤਨ-ਮਨ ਉੱਤੇ ਹੰਢਾ ਰਿਹਾ ਹੋਵੇ। ਨਿੱਤ ਰੱਬ ਦੇ ਅੱਗੇ ਭਿਖਾਰੀਆਂ ਵਾਂਗ ਤੁਹਾਨੂੰ ਮੰਗਦਾ ਹੋਵੇ। ਫਿਰ ਉੱਥੇ ਸਾਨੂੰ ਉਸ ਬਾਰੇ ਸੋਚਣ ਲਈ ਮਜਬੂਰ ਹੋਣਾ ਪੈਂਦਾ ਹੈ। ਸਾਨੂੰ ਉਸਦੇ ਅਹਿਸਾਸ ਨੂੰ ਸਮਝਦੇ ਹੋਏ। ਖੁਦ ਨੂੰ ਅਹਿਸਾਸ ਕਰਵਾਉਣਾ ਪੈਂਦਾ ਹੈ। ਉਸਨੂੰ ਅਹਿਮੀਅਤ ਦੇਣੀ ਪੈਂਦੀ ਹੈ। ਭਾਵੇਂ ਉਸ ਪ੍ਰਤੀ ਕੋਈ ਭਾਵਨਾ ਨਾ ਵੀ ਰੱਖਦੇ ਹੋਈਏ ਤਦ ਵੀ ਸਾਨੂੰ ਉਸਦੇ ਅਹਿਸਾਸ ਨੂੰ ਸਵੀਕਾਰ ਕਰਨਾ ਪੈਂਦਾ ਹੈ। ਕਿਉਂਕਿ ਕਿਸੇ ਦੇ ਇਸ ਹੱਦ ਤੱਕ ਦੇ ਤਿਆਗ ਜਾਂ ਸਬਰ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ।

ਫਿਰ ਜਦੋਂ ਅਸੀਂ ਕਿਸੇ ਦੇ ਸਾਡੇ ਪ੍ਰਤੀ ਇਸ ਸਬਰ, ਪਿਆਰ, ਤਿਆਗ, ਅਹਿਸਾਸ ਨੂੰ ਸਵੀਕਾਰ ਕਰਦੇ ਹਾਂ ਤਾਂ ਸਾਨੂੰ ਹੌਲੀ-ਹੌਲੀ ਉਸਦੇ ਮਨ ਦੇ ਅਸਲ ਭਾਵਨਾਂਵਾਂ ਦਾ ਅਹਿਸਾਸ ਹੁੰਦਾ ਹੈ ਤੇ ਅਸੀਂ ਵੀ ਉਸਦੇ ਮੁਰੀਦ ਹੋ ਜਾਂਦੇ ਹਾਂ। ਸ਼ੁਰੂਆਤ ਵਿੱਚ ਇਹ ਅਹਿਸਾਸ ਕਰਨਾ ਅਸਾਨ ਨਹੀਂ ਹੁੰਦਾ ਪਰ ਹੌਲੀ-ਹੌਲੀ ਦੂਸਰੇ ਦੇ ਸਾਡੇ ਪ੍ਰਤੀ ਭਾਵ ਨੂੰ ਦੇਖ ਅਸੀਂ ਉਸਦੇ ਅਹਿਸਾਸ ਵਿੱਚ ਆਪਣਾ ਅਹਿਸਾਸ ਮਿਲਾ ਲੈਂਦੇ ਹਾਂ। ਪਰ ਇਹ ਅਹਿਸਾਸ ਆਪਣੇ ਆਪ ਨਹੀਂ ਹੁੰਦਾ। ਇਹ ਦੂਸਰੇ ਦਾ ਸਾਡੇ ਪ੍ਰਤੀ ਅਹਿਸਾਸ ਨੂੰ ਸਵੀਕਾਰ ਕਰਨ ਤੇ ਹੀ ਅਸੀਂ ਖੁਦ ਨੂੰ ਅਹਿਸਾਸ ਕਰਵਾਉਂਦੇ ਹਾਂ।

ਸਮਝੇ?"

"ਹਾਂਜੀ ਸਮਝ ਗਿਆ। ਪਰ ਕੀ ਦੋਨਾਂ ਨੂੰ ਆਪਣੇ ਆਪ ਅਹਿਸਾਸ ਨਹੀਂ ਹੁੰਦਾ ਇੱਕ ਦੂਜੇ ਦੀਆਂ ਭਾਵਨਾਵਾਂ ਦਾ?"

"ਹਾਂਜੀ ਹੋ ਸਕਦਾ ਹੈ। ਪਰ ਇਹ ਬਹੁਤ ਘੱਟ ਹੁੰਦਾ ਹੈ। ਇਹ ਵੀ ਤਦ ਹੁੰਦਾ ਹੈ ਜਦੋਂ ਪਤਾ ਹੋਵੇ ਕਿ ਸਾਹਮਣੇ ਵਾਲਾ ਸਾਡੇ ਪ੍ਰਤੀ ਕੀ ਸੋਚ ਰੱਖ ਰਿਹਾ ਹੈ। ਜਾਂ ਉਸਦਾ ਸਾਡੇ ਪ੍ਰਤੀ ਕੀ ਨਜ਼ਰੀਆ ਹੈ। ਜਦ ਤੱਕ ਸਾਹਮਣਿਉਂ ਕੋਈ ਹੁੰਗਾਰਾ ਨਾ ਮਿਲੇ ਤਦ ਤੱਕ ਇਹ ਦੋਨੋਂ ਤਰਫ ਆਪਣੇ ਆਪ ਨਹੀਂ ਹੁੰਦਾ। ਕਹਿਣ ਦਾ ਭਾਵ ਕਿ ਪਹਿਲਾਂ ਇੱਕ ਤਰਫ

ਅਹਿਸਾਸ ਹੋਵੇਗਾ ਤਾਂ ਹੀ ਦੂਸਰੀ ਤਰਫ ਵਾਲਾ ਉਸ ਅਹਿਸਾਸ ਨੂੰ ਸਵੀਕਾਰ ਕਰੇਗਾ ਜਾਂ ਫਿਰ ਸਮਝ ਪਾਵੇਗਾ।"

"ਬਿਲਕੁਲ ਠੀਕ ਕਿਹਾ।"

ਮੈਂ ਉਸਦੇ ਜੁਆਬ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸੀ। ਮੈਂ ਸਮਝ ਚੁੱਕਾ ਸੀ ਕਿ ਮੇਰੇ ਅਤੇ ਸ਼ਹਿਨਾਜ ਦੇ ਰਿਸ਼ਤੇ ਵਿੱਚ ਕਿੱਥੇ ਕਮੀਆਂ ਸਨ। ਉਹ ਸ਼ਾਇਦ ਸੱਚ ਹੀ ਆਖਦੀ ਸੀ ਕਿ ਮੈਨੂੰ ਅਹਿਸਾਸ ਨਹੀਂ ਉਸਦੀਆਂ ਭਾਵਨਾਵਾਂ ਬਾਰੇ। ਨਸੀਬੋ ਦੇ ਜੁਆਬ ਸੁਣ ਮੈਨੂੰ ਜੋ ਸ਼ਹਿਨਾਜ ਵਿੱਚ ਕਮੀਆਂ ਨਜ਼ਰ ਆਉਂਦੀਆਂ ਸੀ ਉਹ ਆਪਣੇ ਆਪ ਵਿੱਚ ਨਜ਼ਰ ਆਉਣ ਲੱਗ ਪਈਆਂ। ਮੇਰੀਆਂ ਅੱਖਾਂ ਸਾਹਮਣੇ ਸ਼ਹਿਨਾਜ ਦਾ ਮੁਸਕਰਾਹਟਾਂ 'ਚ ਸਵਾਲਾਂ ਭਰਿਆ ਚਿਹਰਾ ਆ ਰਿਹਾ ਸੀ।

(5)

ਮੈਂ ਸਾਹਮਣੇ ਵੱਗਦੇ ਸ਼ਾਂਤ ਪਾਣੀ ਨੂੰ ਵੇਖ ਰਿਹਾ ਸੀ। ਆਸ-ਪਾਸ ਪੰਛੀਆਂ ਦੇ ਚਹਿਕਣ ਦੀਆਂ ਆਵਾਜ਼ਾਂ ਉੱਚੀ ਹੁੰਦੀਆਂ ਜਾਪਦੀਆਂ ਸਨ। ਮੈਨੂੰ ਮੇਰੇ ਮਨ ਉੱਤੇ ਪਿਆ ਬੋਝ ਭਾਰੀ ਹੁੰਦਾ ਲੱਗ ਰਿਹਾ ਸੀ। ਮੈਂ ਨਜ਼ਰ ਭਰ ਨਸੀਬੋ ਦੇ ਚਿਹਰੇ ਵੱਲ ਵੇਖਦਾ ਅਤੇ ਸੋਚਦਾ ਕਿ, "ਇਹ ਸੱਚੀਉ ਰੱਬ ਹੀ ਏ ਜੋ ਹਰ ਗੱਲ ਦਾ ਏਨੀ ਸਰਲਤਾ ਪੂਰਵਕ ਜੁਆਬ ਦੇ ਰਹੀ ਏ। ਕਾਸ਼ ਇਹ ਰੱਬ ਨਾ ਹੋਵੇ ਅਤੇ ਮੇਰੀ ਜ਼ਿੰਦਗੀ ਨੂੰ ਢੋਈ ਲਾ ਦੇਵੇ। ਮੈਂ ਉਸਦੇ ਮੁੱਖ ਦੀ ਸ਼ਾਂਤੀ ਨਾਲ ਅੰਦਰੋਂ ਨਕਾ-ਨੱਕ ਖੁਸ਼ਬੂਆਂ ਨਾਲ ਭਰ ਰਿਹਾ ਸੀ। ਮੈਂ ਉਸ ਵੱਲ ਵੇਖਦੇ ਹੋਏ ਕਿਹਾ..

"ਮੈਨੂੰ ਯਕੀਨ ਨਹੀਂ ਹੋ ਰਿਹਾ।"

"ਕੀ ਨਹੀਂ ਯਕੀਨ ਹੋ ਰਿਹਾ ਤੁਹਾਨੂੰ?"

"ਇਹੀ ਕਿ ਤੁਸੀਂ ਰੱਬ ਹੋ।"

ਉਹ ਹੱਸਦੀ ਹੋਈ ਬੋਲੀ...

"ਤੇ ਯਕੀਨ ਕਰਨ ਲਈ ਕਿਹਾ ਕਿੰਨੇ ਹੈ? ਨਾ ਕਰੋ। ਜਰੂਰੀ ਥੋੜਾ ਏ।"

"ਤੁਸੀਂ ਆਪਣੇ ਬਾਰੇ ਵੀ ਦੱਸੋ ਕੁਝ।"

"ਮੈਂ ਕੀ ਦੱਸਾਂ ਆਪਣੇ ਬਾਰੇ। ਕੀ ਕਰੋਗੇ ਮੇਰੇ ਬਾਰੇ ਜਾਣਕੇ?"

"ਕਰਨਾ ਤਾਂ ਕੁਝ ਨਹੀਂ ਬਸ ਉਂਝ ਹੀ ਜਾਣਨਾ ਚਾਹੁੰਦਾ ਹਾਂ।"

"ਕੋਈ ਨਾ ਜਦੋਂ ਲੋੜ ਹੋਵੇਗੀ ਮੈਂ ਦੱਸਾਂਗੀ। ਫਿਲਹਾਲ ਤੁਸੀਂ ਖੁਦ ਨੂੰ ਜਾਣੋ। ਮੈਨੂੰ ਜਾਣਨ ਵਿੱਚ ਨਾ ਉਲਝੋ। ਰੱਬ ਨੂੰ ਜਾਣਨ ਵਿੱਚ ਖਾਸਾ ਵਕਤ ਲੱਗ ਜਾਂਦਾ ਏ ਅਤੇ ਤੁਹਾਡੇ ਕੋਲ ਵਕਤ ਹੈਨੀ।"

ਉਸਦੇ ਜੁਆਬ ਸੁਣਨ ਪਿੱਛੋਂ ਮੈਨੂੰ ਸੁੱਝੀ ਨਾ ਮੈਂ ਕੀ ਕਹਾਂ ਉਸਨੂੰ ਇਸ ਕਾਰਨ ਮੈਂ ਚੁੱਪ ਰਿਹਾ ਤਾਂ ਉਹ ਖਿੜ-ਖਿੜਾ ਹੱਸ ਪਈ ਅਤੇ ਬੋਲੀ..

"ਚੁੱਪ ਬੜੀ ਜਲਦੀ ਹੋ ਜਾਂਦੇ ਹੋ ਤੁਸੀਂ।"

"ਜਦੋਂ ਮੇਰੇ ਕੋਲ ਕੁਝ ਕਹਿਣ ਲਈ ਹੀ ਨਾ ਬਚਿਆ ਹੋਵੇ ਤਾਂ ਚੁੱਪ ਰਹਿਣਾ ਹੀ ਠੀਕ ਸਮਝਦਾ ਹਾਂ ਮੈਂ।"

"ਇਹ ਚੰਗਾ ਗੁਣ ਹੈ ਤੁਹਾਡੇ ਵਿੱਚ। ਵੈਸੇ ਸਵਾਲ ਮੁੱਕ ਗਏ ਕਿ ਬਾਕੀ ਨੇ ਹਾਲੇ?"

ਉਸਨੇ ਮੇਰੇ ਚੁੱਪ ਰਹਿਣ ਨੂੰ ਮੇਰਾ ਚੰਗਾ ਗੁਣ ਦੱਸਿਆ ਤਾਂ ਮੈਨੂੰ ਥੋੜੀ ਜਿਹੀ ਤਸੱਲੀ ਹੋਈ ਕਿ ਚੱਲ ਮੈਂ ਏਨਾਂ ਵੀ ਬੁਰਾ ਨਹੀਂ। ਉਸਨੇ ਮੈਨੂੰ ਹੋਰ ਸਵਾਲਾਂ ਬਾਰੇ ਪੁੱਛਿਆਂ ਤਾਂ ਮੇਰੇ ਮਨ ਵਿੱਚ ਅਹਿਸਾਸ ਅਤੇ ਭਾਵਨਾਵਾਂ ਵਾਲੀਆਂ ਗੱਲਾਂ ਅਜੇ ਵੀ ਗੁਲਾਟੀਆਂ ਖਾ ਰਹੀਆਂ ਸਨ। ਮੈਂ ਆਪਣੀ ਭਾਵਨਾ ਨੂੰ ਮੁੱਖ ਰੱਖਦੇ ਹੋਏ ਕਿਹਾ...

"ਬਹੁਤੇ ਲੋਕ ਕਿਸੇ ਦੀਆਂ ਭਾਵਨਾਵਾਂ ਦੀ, ਕਿਸੇ ਦੇ ਅਹਿਸਾਸਾਂ ਦੀ ਭੋਰਾ ਵੀ ਕਦਰ ਨਹੀਂ ਕਰਦੇ। ਭਾਵੇਂ ਕੋਈ ਕਿਸੇ ਦਾ ਕਿੰਨਾ ਵੀ ਕਿਉਂ ਨਾ ਕਰੇ।"

"ਕੀ ਤੁਸੀਂ ਜਾਣਦੇ ਹੋ ਕਦਰ ਅਸਲ ਵਿੱਚ ਹੈ ਕੀ?"

ਮੈਂ ਉਸਦੇ ਜੁਆਬ ਪਿੱਛੋਂ ਆਪਣੀਆਂ ਭਾਵਨਵਾਂ ਨੂੰ ਵਿਚਾਰਦੇ ਕਦਰ ਨਾ ਹੋਣ ਦੀ ਗੱਲ ਕੀਤੀ ਤਾਂ ਉਸਨੇ ਮੈਨੂੰ ਹੀ ਸਵਾਲ ਕਰ ਦਿੱਤਾ। ਮੇਰੇ ਕੋਲ ਸਪਸ਼ਟ ਰੂਪ ਵਿੱਚ ਇਸਦਾ ਜੁਆਬ ਨਹੀਂ ਸੀ ਤਾਂ ਮੈਂ ਨਾਂਹ ਵਿੱਚ ਬਸ ਸਿਰ ਹਿਲਾਇਆ। ਮੇਰੀ ਨਾਂਹ ਦੇਖਦੇ ਹੀ ਉਹ ਬੋਲੀ...

"ਸਮਝ ਗਈ ਮੈਂ, ਕਿ ਤੁਸੀਂ ਨਹੀਂ ਜਾਣਦੇ ਕਿ ਕੀ ਹੈ ਕਦਰ? ਕੋਈ ਨਾ, ਮੈਂ ਸਮਝਾਉਂਦੀ ਹਾਂ, ਕਿਸੇ ਦਾ ਸਾਡੇ ਪ੍ਰਤੀ ਬਿਨਾ ਸਵਾਰਥ ਕੀਤੇ ਕੰਮ ਦਾ ਸਹੀ ਮੁੱਲ ਪਾਉਣ ਨੂੰ ਹੀ ਕਦਰ ਕਹਿੰਦੇ ਹਨ। ਤੁਸੀਂ ਕਹਿ ਸਕਦੇ ਓ ਕਿ ਕਿਸੇ ਦੀਆਂ ਸਾਡੇ ਪ੍ਰਤੀ ਮਨ ਦੀਆਂ ਭਾਵਨਾਵਾਂ ਨੂੰ ਸਮਝਣਾ। ਫਿਰ ਚਾਹੇ ਉਹ ਤੁਸੀਂ ਤਰਸ ਖਾ ਕੇ ਸਮਝੋ, ਜਾਂ ਰਿਸ਼ਤਾ ਬਣਾ ਕੇ।"

"ਮੈਂ ਤੁਹਾਡੀ ਗੱਲ ਸੁਣ ਤਾਂ ਲਈ। ਪਰ ਪਤਾ ਨਹੀਂ ਇਹ ਮੇਰੇ ਅੰਦਰ ਨਹੀਂ ਜਾ ਰਹੀ। ਮੈਂ ਸਮਝਿਆ ਨਹੀਂ ਚੰਗੀ ਤਰ੍ਹਾਂ, ਕੀ ਕਹਿ ਰਹੇ ਓ।"

"ਇਹ ਤਾਂ ਕੋਈ ਏਨੀ ਔਖੀ ਚੀਜ਼ ਨਹੀਂ ਜੋ ਸਮਝ ਨਾ ਆਵੇ।"

"ਹਾਂਜੀ ਹੋ ਸਕਦਾ ਔਖੀ ਨਾ ਹੋਵੇ ਪਰ, ਪਤਾ ਨਹੀਂ ਮੇਰੇ ਅੰਦਰ ਤੱਕ ਇਸਦਾ ਅਸਰ ਨਹੀਂ ਹੋ ਰਿਹਾ। ਮਤਲਬ ਮੈਂ ਸੁਣ ਤਾਂ ਰਿਹਾ ਹਾਂ ਪਰ ਇਹ ਸਮਝ ਕੇ ਲਾਗੂ ਨਹੀਂ ਕਰ ਪਾ ਰਿਆ। ਜਦ ਤੱਕ ਗੱਲ ਖੁਦ ਤੇ ਲਾਗੂ ਨਾ ਹੋਵੇ ਉਹ ਬਸ ਕਹੀ ਜਾਂ ਸੁਣੀ ਜਾ ਸਕਦੀ ਹੈ, ਚੰਗੀ ਤਰ੍ਹਾਂ ਸਮਝੀ ਨਹੀਂ ਜਾ ਸਕਦੀ।"

"ਹਾਂਜੀ ਇਹ ਤਾਂ ਤੁਸੀਂ ਬਿਲਕੁਲ ਠੀਕ ਕਿਹਾ। ਜਦ ਤੱਕ ਗੱਲ ਅੰਦਰ ਤੱਕ ਨਾ ਜਾਵੇ, ਖੁਦ ਤੇ ਲੱਗੂ ਨਾ ਕੀਤੀ ਜਾਵੇ, ਤਨ ਤੇ ਹੰਢਾਈ ਨਾ ਜਾਵੇ ਤਦ ਤੱਕ ਉਸਦੇ ਸੁਣਨ ਦਾ ਜਾਂ ਕਹਿਣ ਦਾ ਕੋਈ ਫਾਇਦਾ ਨਹੀਂ ਹੁੰਦਾ। ਚਲੋ ਮੈਂ ਚੰਗੀ ਤਰ੍ਹਾਂ ਸਮਝਾਉਣ ਦੀ ਕੋਸ਼ਿਸ਼ ਕਰਦੀ ਹਾਂ। ਫਿਰ ਤੋਂ..

ਦੇਖੋ ਕਦਰ ਹੈ.. ਕਿਸੇ ਦੀ ਭਾਵਨਾ ਨੂੰ ਸਮਝਣਾ ਕਿ ਉਹ ਸਾਡੇ ਬਾਰੇ ਕੀ ਸੋਚਦਾ ਹੈ। ਕਿਉਂ ਸੋਚਦਾ ਹੈ, ਸਾਡੇ ਲਈ ਉਹ ਕੀ-ਕੀ ਕਰ ਰਿਹਾ ਹੈ ਤੇ ਕਿਉਂ ਕਰ ਰਿਹਾ ਹੈ? ਉਸਦਾ ਮਕਸਦ ਕੀ ਹੈ ਸਾਡੇ ਲਈ ਪ੍ਰਯਾਸ ਕਰਨ ਦਾ, ਸਾਡੇ ਵਾਸਤੇ ਪੀੜ ਹੰਢਾਉਣ ਦਾ, ਕੀ ਉਹ ਦਿਖਾਵੇ ਕਰ ਰਿਹਾ ਹੈ ਜਾਂ ਫਿਰ ਕਿਸੇ ਗਹਿਰੀ ਭਾਵਨਾ ਦੇ ਅਧੀਨ ਸਾਡੇ ਲਈ ਤਿਆਗ ਕਰ ਰਿਹਾ ਹੈ। ਉਸਦੇ ਅਹਿਸਾਸ ਨੂੰ ਸਮਝਣਾ ਤੇ ਸਮਝਣ ਪਿੱਛੋਂ ਉਸਦੀ ਸਾਡੇ ਪ੍ਰਤੀ ਭਾਵਨਾ ਨੂੰ ਸਵੀਕਾਰ ਕਰਨਾ ਹੀ ਕਿਸੇ ਦੀ ਕਦਰ ਕਰਨਾ ਹੈ। ਫਿਰ ਚਾਹੇ ਉਹ ਤੁਸੀਂ ਪਿਆਰ 'ਚ ਕਰ ਰਹੇ ਹੋ, ਤਰਸ ਖਾ ਕਰ ਰਹੇ ਹੋ ਜਾਂ ਤੁਹਾਡੇ ਦਰਮਿਆਨ ਕੋਈ ਰਿਸ਼ਤਾ ਹੈ ਤਾਂ ਕਰ ਰਹੇ ਹੋ?

ਕਦਰ ਕਰਨ ਲਈ ਕਿਸੇ ਰਿਸ਼ਤੇ ਜਾਂ ਸਾਂਝ ਦਾ ਹੋਣਾ ਜਰੂਰੀ ਨਹੀਂ ਹੈ। ਇਹ ਤਾਂ ਅਣਜਾਣ ਦੀ ਵੀ ਹੋ ਸਕਦੀ ਹੈ। ਮਕਸਦ ਤਾਂ ਇਹ ਹੈ ਕਿ ਕਿਸੇ ਦੇ ਅਸਲ ਭਾਵ ਨੂੰ

ਸਮਝਣਾ ਕਿ ਉਸਦਾ ਤਿਆਗ ਇਸ ਕਾਬਿਲ ਹੈ ਕਿ ਉਸਦੀ ਕਦਰ ਕੀਤੀ ਜਾਵੇ ਜਾਂ ਫਿਰ ਉਸਦੇ ਨਾਲ ਰਿਸ਼ਤਾ ਜੋੜਿਆ ਜਾਵੇ। ਕਦਰ ਤਦ ਹੀ ਹੋ ਸਕਦੀ ਹੈ ਜੇਕਰ ਕੋਈ ਤੁਹਾਡੇ ਲਈ ਹੱਦ ਤੋਂ ਪਰੇ ਯਤਨ ਕਰ ਰਿਹਾ ਹੈ, ਉਹ ਵੀ ਤੁਹਾਡੀ ਖੁਸ਼ੀ ਹਾਸਲ ਕਰਨ ਲਈ ਨਾ ਕਿ ਕਿਸੇ ਗਲਤ ਇੱਛਾ ਦੇ ਹੇਠ।"

ਉਸਦਾ ਇਸ ਵਾਰ ਦਾ ਜੁਆਬ ਮੇਰੇ ਅੰਦਰ ਤੱਕ ਚਲਾ ਗਿਆ। ਗੱਲ ਮੇਰੇ ਖਾਨੇ ਵਿੱਚ ਬੈਠ ਗਈ। ਮੈਂ ਸੰਤੁਸ਼ਟ ਸੀ ਜੁਆਬ ਤੋਂ ਇਸ ਲਈ ਕਦਰ ਨੂੰ ਸਮਝਦੇ ਹੋਏ ਫਿਰ ਤੋਂ ਸਵਾਲ ਕਰ ਦਿੱਤਾ..

"ਹਾਂਜੀ ਹੁਣ ਮੈਂ ਸਮਝ ਗਿਆ। ਪਰ ਜੇ ਕੋਈ ਕਦਰ ਨਾ ਕਰ ਰਿਹਾ ਹੋਵੇ ਤਾਂ ਕੀ ਕਾਰਨ ਹੋ ਸਕਦਾ ਇਸਦਾ?"

"ਕਦਰ ਕਰਨ ਦੇ ਵੀ ਬਹੁਤ ਕਾਰਨ ਹੋ ਸਕਦੇ ਨੇ ਤੇ ਕਦਰ ਨਾ ਕਰਨ ਦੇ ਵੀ ਬਹੁਤ ਕਾਰਨ ਹੋ ਸਕਦੇ ਨੇ। ਸਭ ਤੋਂ ਪਹਿਲਾਂ ਤਾਂ ਇਹ ਸਮਝਣਾ ਜਰੂਰੀ ਕਿ ਕੋਈ ਸਾਡੀ ਕਦਰ ਕਿਉਂ ਕਰੇ?

ਦੇਖੋ ਕੋਈ ਸਾਡੀ ਕਦਰ ਤੱਦ ਹੀ ਕਰੇਗਾ ਅਗਰ ਸਾਡੀ ਭਾਵਨਾ ਸੱਚੀ ਹੋਵੇ। ਅਸੀਂ ਜੋ ਕਰ ਰਹੇ ਹਾਂ ਉਸਦੀ ਸਿਰਫ ਖੁਸ਼ੀ ਹਾਸਲ ਕਰਨ ਲਈ ਕਰ ਰਹੇ ਹੋਈਏ। ਉਸਨੂੰ ਖੁਸ਼ ਦੇਖਣ ਲਈ ਕਰ ਰਹੇ ਹੋਈਏ। ਉਸ ਪਿੱਛੇ ਕੋਈ ਲਾਲਚ ਨਾ ਹੋਵੇ ਕੋਈ ਗਲਤ ਮਕਸਦ ਨਾ ਹੋਵੇ। ਅਸੀਂ ਜੋ ਵੀ ਕਰ ਰਹੇ ਹੋਈਏ ਉਹ ਕਰਨ ਪਿੱਛੋਂ ਸਾਨੂੰ ਦੁੱਖ ਸਾਨੂੰ ਬੁਰਾ ਨਾ ਲੱਗਦਾ ਹੋਵੇ, ਅਗਰ ਉਹ ਤੁਹਾਡੇ ਯਤਨਾਂ ਨੂੰ ਤਿਲ ਮਾਤਰ ਵੀ ਗੌਰ ਨਾ ਕਰੇ। ਸਾਨੂੰ ਉਸਦੇ ਸਾਡੇ ਪ੍ਰਤੀ ਵਿਵਹਾਰ ਨਾਲ ਫਰਕ ਨਹੀਂ ਪੈਣਾ ਚਾਹੀਦਾ। ਸਾਡੇ ਮਨ ਵਿੱਚ ਇਹ ਖਿਆਲ ਨਹੀਂ ਆਉਣਾ ਚਾਹੀਦਾ ਕਿ ਮੈਂ ਉਸ ਲਈ ਕਿਸ ਹੱਦ ਤੱਕ ਤਿਆਗ ਕਰ ਰਿਹਾ ਹਾਂ, ਪਰ ਉਹਨੂੰ ਫਰਕ ਨਹੀਂ।

ਦੇਖੋ ਕਿਸੇ ਨੇ ਕਿਹਾ ਹੈ ਕਿ ਜਦੋਂ ਕਿਸੇ ਲਈ ਕੁਝ ਕਰੋ ਤਾਂ ਇੱਕ ਹੱਥ ਨਾਲ ਦੇਵੋ ਤੇ ਦੂਜੇ ਨੂੰ ਪਤਾ ਨਾ ਲੱਗੇ। ਭਾਵ ਕਿ ਕਾਰਜ ਕਰੋ ਤੇ ਭੁੱਲ ਜਾਵੋ। ਤੁਹਾਨੂੰ ਖੁਦ ਨੂੰ ਹੀ ਯਾਦ ਨਾ ਰਹੇ ਕਿ ਤੁਸੀਂ ਕਿਸੇ ਲਈ ਕੁਝ ਕੀਤਾ ਵੀ ਹੈ ਜਾਂ ਨਹੀਂ। ਹਾਂ ਅਗਰ ਸਾਹਮਣੇ ਵਾਲਾ ਆਪਦੀਆਂ ਇਹਨਾਂ ਕੋਸ਼ਿਸ਼ਾਂ ਤੋਂ ਪ੍ਰਭਾਵਿਤ ਹੋਵੇਗਾ ਤਾਂ ਜਰੂਰ ਕਦਰ ਕਰੇਗਾ।

ਹੁਣ ਆਜੋ ਕਿ ਤੁਹਾਡੇ ਬੇਅੰਤ ਯਤਨਾਂ ਪਿੱਛੋਂ ਵੀ ਕੋਈ ਕਦਰ ਕਿਉਂ ਨਹੀਂ ਕਰ ਰਹਾ? ਦੇਖੋ ਇਸਦੇ ਕਈ ਕਾਰਨ ਹੋ ਸਕਦੇ ਨੇ। ਕਹਿਣ ਲਈ ਆਖ ਲਵੋ ਜਿੰਨੇ ਲੋਕ

ਉਨੇ ਹੀ ਕਾਰਨ। ਕਿਸੇ ਮੁਸਲਿਮ ਭਾਈ ਨੇ ਇੱਕ ਸਰਦਾਰ ਜੀ ਨੂੰ ਪੁੱਛਿਆ ਕਿ, ਸਰਦਾਰ ਜੀ ਪੱਗ ਕਿੰਨੇ ਤਰੀਕਿਆਂ ਨਾਲ ਬੰਨੀ ਜਾ ਸਕਦੀ ਹੈ? ਤਾਂ ਸਰਦਾਰ ਜੀ ਨੇ ਹੱਸ ਕਿ ਕਿਹਾ ਕਿ ਜਿੰਨੇ ਇਸ ਦੁਨੀਆ ਵਿੱਚ ਪੱਗ ਬੰਨਣ ਵਾਲੇ ਨੇ ਓਨੇ ਤਰੀਕਿਆਂ ਨਾਲ। ਮਤਲਬ ਸਭ ਦਾ ਆਪਣਾ ਤਰੀਕਾ ਹੈ, ਸਭ ਦੀ ਆਪਣੀ ਸੋਚ ਹੈ। ਓਵੇਂ ਹੀ ਸਭ ਦੇ ਆਪੋ-ਆਪਣੇ ਕਾਰਨ ਹੋ ਸਕਦੇ ਨੇ। ਆਪਾਂ ਸਭ ਕਾਰਨਾਂ ਤੇ ਗੱਲ ਨਹੀਂ ਕਰ ਸਕਦੇ। ਹਰ ਇੱਕ ਦੀ ਸੋਚ ਦੇ ਹਿਸਾਬ ਨਾਲ ਜਾਂ ਹਲਾਤਾਂ ਦੇ ਹਿਸਾਬ ਨਾਲ ਕਾਰਨ ਹੋ ਸਕਦੇ ਨੇ। ਪਰ ਕੁਝ ਮਹੱਤਵਪੂਰਨ ਕਾਰਨ ਦੱਸਦੀ ਹਾਂ।

ਸਭ ਤੋਂ ਪਹਿਲਾ ਕਾਰਨ ਤਾਂ ਹੋ ਸਕਦਾ ਹੈ ਕਿ ਕੋਈ ਤੁਹਾਡੀ ਭਾਵਨਾ ਸਮਝਦੇ ਹੋਏ ਵੀ ਅਣਜਾਣ ਹੋਣ ਦੇ ਦਿਖਾਵੇ ਕਰ ਰਿਹਾ ਹੈ। ਅਗਰ ਇਹ ਨਹੀਂ ਹੈ ਤਾਂ ਫਿਰ ਤੁਹਾਡੇ ਯਤਨ ਹੀ ਇਸ ਕਾਬਿਲ ਨਹੀਂ ਹੋਣਗੇ ਕਿ ਉਹਨਾਂ ਦੀ ਕਦਰ ਕੀਤੀ ਜਾ ਸਕਦੀ ਹੋਵੇ। ਭਾਵ ਕਿ ਤੁਹਾਡੇ ਯਤਨਾਂ ਵਿੱਚ ਜਰੂਰ ਕਮੀਆਂ ਹੋਣਗੀਆਂ, ਜਾਂ ਉਹਨਾਂ ਪਿੱਛੇ ਕੋਈ ਗਲਤ ਮਕਸਦ ਹੋ ਸਕਦਾ ਹੈ ਜਾਂ ਤੁਸੀਂ ਸਿਰਫ ਦਿਖਾ ਰਹੇ ਹੋ ਕਿ ਤੁਸੀਂ ਉਸ ਲਈ ਕੀ ਕਰ ਰਹੇ ਹੋ। ਪਰ ਦਿਲੋਂ ਕੁਝ ਨਾ ਮਹਿਸੂਸ ਕਰ ਰਹੇ ਹੋਵੋ ਤੇ ਅਗਲਾ ਤੁਹਾਡੇ ਦਿਖਾਵਿਆਂ ਤੋਂ ਵਾਕਿਫ਼ ਹੋਵੇ। ਅਗਰ ਇਹ ਕਾਰਨ ਵੀ ਨਾ ਹੋਣ ਤੇ ਸਾਹਮਣੇ ਵਾਲਾ ਤੁਹਾਡੇ ਯਤਨਾਂ, ਤੁਹਾਡੇ ਪਿਆਰ ਤੁਹਾਡੇ ਅਹਿਸਾਸ ਤੋਂ ਚੰਗੀ ਤਰ੍ਹਾਂ ਵਾਕਿਫ਼ ਹੋਵੇ, ਤੁਹਾਨੂੰ ਚੰਗੀ ਤਰ੍ਹਾਂ ਸਮਝਦਾ ਵੀ ਹੋਵੇ ਤੇ ਫਿਰ ਵੀ ਕਦਰ ਨਾ ਕਰ ਰਿਹਾ ਹੋਵੇ ਤਾਂ ਜਰੂਰ ਉਸਦੀ ਕੋਈ ਮਜਬੂਰੀ ਹੋ ਸਕਦੀ ਹੈ। ਕਿਉਂਕਿ ਕੋਈ ਏਨਾ ਵੀ ਪੱਥਰ ਦਿਲ ਨਹੀਂ ਹੁੰਦਾ ਕਿ ਤੁਹਾਡੇ ਉਸ ਪ੍ਰਤੀ ਤਿਆਗ ਨੂੰ ਨਜ਼ਰਅੰਦਾਜ਼ ਕਰੇ। ਅਗਰ ਕੋਈ ਮਜਬੂਰੀ ਹੈ ਤਾਂ ਤੁਹਾਡੇ ਯਤਨ ਉਸਨੂੰ ਚੰਗੇ ਤਾਂ ਲੱਗਣਗੇ, ਪਰ ਉਹ ਤੁਹਾਡੇ ਯਤਨਾਂ ਦੀ ਚਾਹੁੰਦੇ ਹੋਏ ਕਦਰ ਨਹੀਂ ਕਰੇਗਾ।"

ਉਹ ਬੋਲਦੀ ਹੋਈ ਅਜੇ ਕੁਝ ਪਲ ਲਈ ਰੁਕੀ ਹੀ ਕਿ ਮੈਂ ਹੱਸਣ ਲੱਗ ਪਿਆ। ਮੈਨੂੰ ਹੱਸਦੇ ਨੂੰ ਦੇਖ ਉਹ ਬੋਲੀ...

"ਕੀ ਹੋਇਆ?"

"ਤੁਸੀਂ ਤਾਂ ਕਿੰਨਾਂ ਕੁਝ ਗਿਣਾ ਦਿੱਤਾ।"

"ਹਾਂ ਤੇ ਮੈਂ ਅਸਲ ਚੀਜ਼ਾਂ ਦੱਸ ਰਹੀ ਹਾਂ। ਹੁਣ ਤੁਹਾਡੇ ਸਵਾਲ ਦਾ ਜੁਆਬ ਸਪੱਸ਼ਟ ਰੂਪ ਵਿੱਚ ਦੇਵਾਂ ਤਾਂ ਹੀ ਤੁਸੀਂ ਸਮਝ ਪਾਵੋਗੇ ਕਿ ਤੁਹਾਡੀ ਕਦਰ ਹੋ ਰਹੀ ਹੈ ਜਾਂ ਨਹੀਂ, ਅਗਰ ਨਹੀਂ ਹੋ ਰਹੀ ਤਾਂ ਕਿਉਂ ਨਹੀਂ ਹੋ ਰਹੀ।"

"ਹਾਂਜੀ ਉਹ ਤਾਂ ਮੈਂ ਸਮਝ ਗਿਆ। ਤੁਸੀਂ ਸੋਹਣਾ ਬਿਆਨ ਕੀਤਾ। ਬਿਲਕੁਲ ਸਹੀ ਗੱਲਾਂ ਨੇ ਤੁਹਾਡੀਆਂ। ਸਮਝਦਾ ਹਾਂ ਕਿ ਜਰੂਰ ਮੇਰੇ ਯਤਨਾਂ ਵਿੱਚ ਕਮੀਆਂ ਹੋਣਗੀਆਂ ਜਾਂ ਉਸਦੀ ਕੋਈ ਮਜਬੂਰੀ ਹੋਵੇਗੀ। ਇਸਦਾ ਕਾਰਨ ਸ਼ਾਇਦ ਮੇਰੀ ਸਮਝ ਤੋਂ ਬਾਹਰ ਹੈ। ਖੈਰ ਤੁਸੀਂ ਇਹ ਦੱਸੋ ਕਿ ਆਪਾਂ ਕਿਸੇ ਨੂੰ ਆਪਣੇ ਯਤਨਾਂ ਦਾ ਅਹਿਸਾਸ ਕਰਵਾ ਸਕਦੇ ਹਾਂ? ਕਿ ਉਹ ਸਾਡੀ ਕਦਰ ਕਰੇ।"

ਉਸਦੇ ਜੁਆਬਾਂ ਪਿੱਛੋਂ ਮੇਰੇ ਸਵਾਲ ਮੈਨੂੰ ਹੋਰ ਸਵਾਲਾਂ ਵਿੱਚ ਉਲਝਾ ਰਹੇ ਸਨ ਜਿੰਨ੍ਹਾਂ ਦੇ ਜੁਆਬ ਲੈਣੇ ਮੇਰੇ ਲਈ ਬਹੁਤ ਜਰੂਰੀ ਸਨ। ਤਾਂ ਮੈਂ ਸਵਾਲ ਕੀਤਾ, ਉਹ ਹੱਸ ਪਈ ਅਤੇ ਬੋਲੀ..

"ਸਭ ਕੁਝ ਖੁਦ ਹੀ ਕਰਨਾ ਚਾਹੁੰਦੇ ਹੋ। ਕੁਝ ਅਗਲੇ ਤੇ ਵੀ ਤਾਂ ਛੱਡ ਦੇਵੋ।"

"ਨਹੀਂ ਹੈ ਤਾਂ ਸਭ ਕੁਝ ਅਗਲੇ ਤੇ ਹੀ ਨਿਰਭਰ ਬਸ ਮੈਂ ਤਾਂ ਯਤਨ ਕਰ ਰਿਹਾ ਕਿ ਕੋਈ ਰਾਹ ਲੱਭ ਸਕੇ।"

"ਦੇਖੋ ਸਾਫ ਜਿਹੀ ਗੱਲ ਹੈ, ਕੋਈ ਵੀ ਕਿਸੇ ਦੇ ਯਤਨਾਂ ਤੋਂ, ਪਿਆਰ ਤੋਂ, ਉਸ ਪ੍ਰਤੀ ਤੁਹਾਡੀ ਭਾਵਨਾ ਤੋਂ ਅਣਜਾਣ ਨਹੀਂ ਹੁੰਦਾ। ਹਾਂ ਬੇਸ਼ੱਕ ਉਹ ਤੁਹਾਨੂੰ ਇਸਦਾ ਅਹਿਸਾਸ ਨਾ ਹੋਣ ਦੇਵੇ। ਪਰ ਉਹ ਤੁਹਾਡੇ ਭਾਵ ਤੋਂ ਚੰਗੀ ਤਰ੍ਹਾਂ ਜਾਣੂ ਹੁੰਦਾ ਹੈ। ਇਸ ਲਈ ਇਹ ਤਾਂ ਕਦੇ ਨਹੀਂ ਹੋ ਸਕਦਾ ਕਿ ਤੁਸੀਂ ਉਸਨੂੰ ਆਪ ਅਹਿਸਾਸ ਦਵਾਉਣ ਦੀਆਂ ਕੋਸ਼ਿਸ਼ਾਂ ਕਰੋ ਕਿ ਤੁਸੀਂ ਉਸ ਲਈ ਕੀ-ਕੀ ਕਰ ਰਹੇ ਹੋ। ਉਹ ਸਭ ਸਮਝਦਾ ਹੈ। ਅਗਰ ਤੁਸੀਂ ਉਸਨੂੰ ਅਹਿਸਾਸ ਕਰਾਉਣ ਦੀ ਕੋਸ਼ਿਸ਼ ਕਰੋਗੇ ਤਾਂ ਫਿਰ ਉਹ ਇਹੀ ਸਮਝੇਗਾ ਕਿ ਤੁਸੀਂ ਦਿਖਾਵੇ ਕਰ ਰਹੇ ਹੋ। ਦੇਖੋ ਉਹ ਖੁਦ ਚਾਹੇਗਾ ਤਾਂ ਤੁਹਾਡੀ ਕਦਰ ਕਰੇਗਾ। ਨਹੀਂ ਤਾਂ ਤੁਸੀਂ ਕਦਰ ਮੰਗ ਨਹੀਂ ਸਕਦੇ। ਤੁਸੀਂ ਬਸ ਆਪਣੇ ਕਾਰਜ ਕਰ ਸਕਦੇ ਹੋ ਜਿੰਨ੍ਹਾਂ ਨਾਲ ਉਸਦਾ ਦਿਲ ਪਿਘਲ ਸਕੇ ਤੇ ਉਸਨੂੰ ਤੁਹਾਡਾ ਸਬਰ, ਤੁਹਾਡਾ ਤਿਆਗ ਇਸ ਹੱਦ ਤੱਕ ਸੋਚਣ ਤੇ ਮਜਬੂਰ ਕਰ ਦੇਵੇ ਕਿ ਉਹ ਤਹਾਡੀ ਕਦਰ ਕਿਉਂ ਨਹੀਂ ਕਰ ਰਿਹਾ।"

"ਹਾਂਜੀ ਠੀਕ ਕਿਹਾ ਕਦਰ ਕਿਸੇ ਤੋਂ ਮੰਗੀ ਨਹੀਂ ਜਾ ਸਕਦੀ। ਕੋਈ ਖੁਦ ਚਾਹੇ ਤਾਂ ਸਾਡੀ ਕਦਰ ਕਰੇਗਾ ਨਹੀਂ ਤਾਂ ਨਹੀਂ।"

"ਹਾਂਜੀ ਬਿਲਕੁਲ।"

ਮੈਂ ਉਸਦੇ ਕਦਰ ਵਾਲੇ ਏਨੇ ਡੂੰਘੇ ਜਵਾਬ ਬਾਰੇ ਸੋਚਣ ਲੱਗ ਪਿਆ। ਅਸੀਂ ਦੋਵੇਂ ਦਰਿਆ ਦੇ ਕੰਡੇ ਉੱਤੇ ਲੋਹੇ ਦੇ ਜਾਲ ਨਾ ਬੰਨ੍ਹੇ ਪੱਥਰਾਂ ਉੱਤੇ ਬੈਠੇ ਸੀ ਅਤੇ ਦਰਿਆ ਦਾ ਪਾਣੀ ਸਾਡੇ ਪੈਰਾਂ ਤੋਂ ਕਾਫੀ ਨੀਵਾਂ ਸੀ। ਸਾਡੇ ਪੈਰ ਪਾਣੀ ਨੂੰ ਨਹੀਂ ਸੀ ਛੂਹ ਸਕਦੇ। ਇਹ ਕੁੜੀ ਜੋ ਆਪਣਾ ਨਾਂ ਨਸੀਬੋ ਦੱਸਦੀ ਅਤੇ ਖੁਦ ਰੱਬ ਹੋਣ ਦਾ ਦਾਅਵਾ ਕਰ ਰਹੀ ਸੀ। ਮੈਂ ਉਸਦੇ ਜੁਆਬ ਦੇਂਦੇ ਵਕਤ ਉਸਦੇ ਚਿਹਰੇ ਵੱਲ ਬੜੀ ਹੀ ਗੌਰ ਨਾਲ ਤੱਕਦਾ ਸੀ। ਉਸਦੇ ਜੁਆਬ ਬੜੇ ਹੀ ਸਰਲ ਅਤੇ ਖੁਦ ਨੂੰ ਸਹੀ ਰਾਹ ਵੱਲ ਲਿਜਾਣ ਵਾਲੇ ਜਾਪ ਰਹੇ ਸਨ।

ਮੈਂ ਸੋਚਦਾ ਹੋਇਆ ਕਦੇ ਦਰਿਆ ਦੇ ਵੱਗਦੇ ਪਾਣੀ ਨੂੰ ਦੇਖਦਾ ਸੀ ਅਤੇ ਕਦੇ ਨਸੀਬੋ ਦੇ ਚਿਹਰੇ ਨੂੰ। ਮੈਂ ਚੁੱਪ ਸੀ ਤਾਂ ਉਹ ਬੋਲੀ...

"ਦੇਖੋ ਅਗਰ ਤੁਸੀਂ ਚਾਹੁੰਦੇ ਹੋ ਕਿ ਕੋਈ ਤੁਹਾਡੇ ਅਹਿਸਾਸਾਂ ਨੂੰ ਸਮਝਦੇ ਹੋਏ, ਤੁਹਾਡੇ ਤਿਆਗ ਤੋਂ ਜਾਣੂ ਹੁੰਦੇ ਹੋਏ ਤੁਹਾਡੀ ਕਦਰ ਕਰੇ ਤਾਂ ਤੁਸੀਂ ਬਸ ਕਰਮ ਕਰਦੇ ਚੱਲੋ ਤੇ ਫਲ ਦੀ ਇੱਛਾ ਨਾ ਰੱਖੋ। ਵੱਧ ਤੋਂ ਵੱਧ ਇਹ ਕੋਸ਼ਿਸ਼ ਕਰੋ ਕਿ ਉਹਨਾਂ ਦੇ ਦੁੱਖ-ਸੁੱਖ ਦਾ ਖਿਆਲ ਰੱਖੋ। ਉਹਨਾਂ ਦੀ ਵੱਧ ਤੋਂ ਵੱਧ ਫਿਕਰ ਕਰੋ। ਕਿਉਂਕਿ ਅਗਰ ਤੁਸੀਂ ਕਿਸੇ ਦੀ ਪਰਵਾਹ ਕਰੋਗੇ, ਫਿਕਰ ਕਰੋਗੇ ਤਾਂ ਕੋਈ ਵੀ ਤੁਹਾਡੇ ਦੁਆਰਾ ਉਸ ਲਈ ਕੀਤੀ ਪਰਵਾਹ ਨੂੰ ਮੁੱਖ ਰੱਖਦੇ, ਆਪਣੀਆਂ ਲੱਖ ਮਜਬੂਰੀਆਂ ਨੂੰ ਠੇਡਾ ਮਾਰ ਤੁਹਾਡੇ ਅਹਿਸਾਸ ਨੂੰ ਸਮਝਦੇ ਹੋਏ ਤੁਹਾਡੀ ਸਭ ਨਾਲੋਂ ਵੱਧਕੇ ਕਦਰ ਕਰੇਗਾ। ਫਿਰ ਜਦੋਂ ਤੁਹਾਡੀ ਕਦਰ ਹੋਣ ਲੱਗੇਗੀ ਤਾਂ ਪਰਵਾਹ ਵੀ ਹੋਣ ਲੱਗੇਗੀ।"

ਉਸਨੇ ਬੜੇ ਹੀ ਸ਼ਾਂਤ ਸੁਭਾਅ ਨਾਲ ਮੈਨੂੰ ਖੁਦ ਦੀ ਕਦਰ ਕਰਵਾਉਣ ਲਈ ਇੱਕ ਰਾਹ ਦਿਖਾਇਆ ਤਾਂ ਮੈਂ ਬਿਨਾਂ ਕੁਝ ਬੋਲੇ ਫਿਰ ਤੋਂ ਸੋਚਣ ਲੱਗ ਪਿਆ। ਸੋਚਦੇ-ਸੋਚਦੇ ਮੇਰਾ ਧਿਆਨ ਇੱਕ ਨਵੇਂ ਸ਼ਬਦ ਵੱਲ ਹੋ ਗਿਆ। ਪਰਵਾਹ। ਮੈਂ ਬੋਲਿਆ..

"ਪਰਵਾਹ ਮਤਲਬ?"

"ਪਰਵਾਹ ਮਤਲਬ ਕਿ ਕਿਸੇ ਦੀ ਪਰਵਾਹ ਕਰਨੀ ਕਿਸੇ ਦੀ ਫਿਕਰ ਕਰਨੀ।"

"ਮੈਂ ਸਮਝ ਨਹੀਂ ਪਾਇਆ ਕਿਵੇਂ ਦੀ ਪਰਵਾਹ। ਕੀ ਹੈ ਪਰਵਾਹ ਵੈਸੇ?"

"ਪਰਵਾਹ ਤੇ ਕਦਰ ਇੱਕ ਦੂਜੇ ਨਾਲ ਬੜਾ ਹੀ ਤਾਲ ਮੇਲ ਰੱਖਦੇ ਨੇ। ਜਦੋਂ ਕੋਈ ਸਾਡੀਆਂ ਭਾਵਨਾਵਾਂ ਦੀ, ਸਾਡੀਆਂ ਆਸਾਂ ਦੀ, ਸਾਡੇ ਬਲੀਦਾਨ, ਸਾਡੇ ਸਬਰ, ਸਾਡੇ ਪਿਆਰ ਦੀ ਕਦਰ ਕਰਨ ਲੱਗ ਪਵੇਗਾ ਤਾਂ ਉਸਦੇ ਦਿਲ ਵਿੱਚ ਵੀ ਸਾਡੇ ਲਈ ਪਿਆਰ ਉਮੜ ਪਵੇਗਾ। ਫਿਰ ਉਹ ਪਿਆਰ ਆਪਣੇ ਆਪ ਏਨਾਂ ਅੱਗੇ ਵੱਧਦਾ ਜਾਵੇਗਾ ਕਿ ਉਹ ਸਾਡੀ ਪਰਵਾਹ ਕਰਨ ਲੱਗ ਪਵੇਗਾ। ਸਾਡੇ ਚੰਗੇ ਮਾੜੇ ਬਾਰੇ ਉਸਨੂੰ ਫਿਕਰ ਹੋਣ ਲੱਗੇਗੀ।"

ਖੁਦ ਨੂੰ ਰੱਬ ਆਖਣ ਵਾਲੀ ਨਸੀਬੋ ਮੈਨੂੰ ਆਪਣਿਆਂ ਜੁਆਬਾਂ ਵਿੱਚ ਕੱਸਦੀ ਜਾ ਰਹੀ ਸੀ ਅਤੇ ਮੈਂ ਆਪਣੇ ਮਨ ਦੇ ਸਵਾਲਾਂ ਨੂੰ ਸੁਲਝਾਉਣ ਲਈ ਬਸ ਪੁੱਛਦਾ ਜਾਂਦਾ ਸੀ। ਉਸਨੇ ਪਰਵਾਹ ਬਾਰੇ ਦੱਸਿਆ ਤਾਂ ਮੇਰੇ ਮਨ ਵਿੱਚ ਇੱਕ ਨਵੇਂ ਸ਼ੰਕੇ ਨੇ ਜਨਮ ਲੈ ਲਿਆ ਤਾਂ ਮੈਂ ਪੁੱਛਿਆ..

"ਕੀ ਪਰਵਾਹ ਪਹਿਲਾਂ ਨਹੀਂ ਹੋਵੇਗੀ ਕਦਰ ਤੋਂ?"

"ਨਹੀਂ ਜ਼ਿਆਦਾਤਰ ਕਦਰ ਪਹਿਲਾਂ ਹੀ ਹੁੰਦੀ ਹੈ। ਕੋਈ ਸਾਡੀ ਕਦਰ ਕਰੇਗਾ ਤਾਂ ਹੀ ਪਰਵਾਹ ਕਰੇਗਾ। ਅਗਰ ਕੋਈ ਸਾਡਿਆਂ ਅਹਿਸਾਸਾਂ ਦੀ ਕਦਰ ਹੀ ਨਹੀਂ ਕਰੇਗਾ ਤਾਂ ਪਰਵਾਹ ਕਿੱਥੋਂ ਕਰੇਗਾ। ਕਿਉਂਕਿ ਕਦਰ ਤਾਂ ਆਪਾਂ ਕਿਸੇ ਦੀ ਵੀ ਕਰ ਸਕਦੇ ਹਾਂ ਪਰ ਪਰਵਾਹ ਹਰ ਕਿਸੇ ਦੀ ਨਹੀਂ ਕੀਤੀ ਜਾਂਦੀ। ਕਦਰ ਤਾਂ ਕਿਸੇ ਅਣਜਾਣ ਦੀ ਵੀ ਹੋ ਸਕਦੀ ਹੈ। ਪਰਵਾਹ ਸਿਰਫ ਉਸਦੀ ਹੁੰਦੀ ਹੈ ਜਿਸਦੀਆਂ ਭਾਵਨਾਵਾਂ ਨੂੰ ਅਸੀਂ ਸਮਝਦੇ ਹੋਈਏ। ਫਿਰ ਜਿਸਦੀਆਂ ਭਾਵਨਾਵਾਂ ਤੋਂ ਅਸੀਂ ਜਾਣੂ ਹੋਵਾਂਗੇ। ਕਦਰ ਵੀ ਤਾਂ ਉਸਦੀ ਹੀ ਹੋ ਸਕਦੀ ਹੈ। ਬਿਨਾਂ ਕਿਸੇ ਦੀ ਕਦਰ ਕੀਤੇ ਪਰਵਾਹ ਨਹੀਂ ਹੋ ਸਕਦੀ। ਜਿਵੇਂ ਤੁਸੀਂ ਆਪਣੇ ਮਾਂ ਪਿਉ ਦੀ ਕਦਰ ਕਰਦੇ ਹੋ। ਫਿਰ ਪਰਵਾਹ ਕਰਦੇ ਹੋ ਕਿ ਤੁਹਾਡੀ ਕਿਸੇ ਗਲਤੀ ਕਾਰਨ ਉਹਨਾਂ ਦਾ ਦਿਲ ਨਾ ਦੁਖੇ। ਉਹ ਤੁਹਾਡੇ ਕਾਰਨ ਕਿਸੇ ਉਲਝਣ ਵਿੱਚ ਨਾ ਫਸਨ। ਭਾਵ ਤੁਸੀਂ ਉਹਨਾਂ ਦੀ ਕਦਰ ਕਰਦੇ ਹੋ ਤਦੇ ਤਾਂ ਪਰਵਾਹ ਕਰਦੇ ਹੋ।"

"ਹਾਂਜੀ, ਪਰ ਆਪਾਂ ਨੂੰ ਪਤਾ ਕਿੰਝ ਲੱਗੇਗਾ ਕਿ ਕੋਈ ਸਾਡੀ ਪਰਵਾਹ ਕਰ ਰਿਹਾ ਹੈ?"

"ਜਦੋਂ ਕੋਈ ਸਾਡਾ ਖਿਆਲ ਰੱਖੇ। ਸਾਡੀ ਖੁਸ਼ੀ ਬਾਰੇ ਜਾਣ ਉਹਨੂੰ ਦੁੱਗਣੀ ਖੁਸ਼ੀ ਹੋਵੇ ਤੇ ਦੁੱਖ ਬਾਰੇ ਜਾਣ ਸਾਡੇ ਨਾਲੋਂ ਵਧੇਰੇ ਦੁੱਖ। ਸਾਡੀ ਆਵਾਜ਼ ਤੋਂ ਹੀ ਉਹ ਪਹਿਚਾਣ ਲਵੇ ਕਿ ਅਸੀਂ ਠੀਕ ਹਾਂ ਜਾਂ ਨਹੀਂ। ਜਦੋਂ ਉਸਨੂੰ ਕੁਝ ਦੱਸਣ ਦੀ ਲੋੜ ਨਾ ਪਵੇ। ਸਾਡੇ

ਵਰਤੀਰੇ ਤੋਂ ਉਸਨੂੰ ਪਤਾ ਲੱਗ ਜਾਵੇ ਕਿ ਅਸੀਂ ਨਰਾਜ਼ ਹਾਂ ਜਾਂ ਨਹੀਂ। ਸਾਡੇ ਠੀਕ ਆਖਣ ਤੇ ਵੀ ਉਹ ਸਮਝ ਜਾਵੇ ਕਿ ਅਸੀਂ ਕਿਉਂ ਨਰਾਜ਼ ਹਾਂ। ਸਾਡੇ ਦੱਸੇ ਬਿਨਾਂ ਪਤਾ ਲੱਗ ਜਾਵੇ ਕਿ ਅਸੀਂ ਕਿਸੇ ਮੁਸ਼ਕਿਲ ਵਿੱਚ ਹਾਂ।

ਉਹ ਵਰ੍ਹਦੇ ਮੀਂਹ ਵਿੱਚ ਵੀ ਪਹਿਚਾਣ ਲਵੇ ਕਿ ਸਾਡੇ ਮੁੱਖ ਤੇ ਮੀਂਹ ਦਾ ਪਾਣੀ ਨਹੀਂ ਅੱਖੀਆਂ ਦਾ ਪਾਣੀ ਬਰਸ ਰਿਹਾ ਹੈ। ਜੇ ਅਸੀਂ ਹੰਝੂ ਛੁਪਾਈਏ ਤਦ ਵੀ ਉਹਨੂੰ ਪਤਾ ਲੱਗ ਜਾਵੇ ਕਿ ਅਸੀਂ ਜਰੂਰ ਕਿਸੇ ਨਾ ਕਿਸੇ ਗੱਲ ਤੋਂ ਦੁੱਖੀ ਹਾਂ। ਅਗਰ ਅਸੀਂ ਕਿਸੇ ਮੁਸ਼ਕਿਲ ਵਿੱਚ ਹੋਈਏ ਤਾਂ ਉਹ ਆਪਣੀ ਪੂਰੀ ਵਾਹ ਲਗਾਵੇਗਾ ਸਾਨੂੰ ਉਸ ਮੁਸ਼ਕਿਸਲ 'ਚੋ ਕੱਢਣ ਲਈ। ਭਾਵੇਂ ਉਹ ਖੁਦ ਕਿੰਨਾ ਵੀ ਦੁੱਖੀ ਕਿਉਂ ਨਾ ਹੋਵੇ। ਸਾਨੂੰ ਦੁੱਖੀ ਨਹੀਂ ਹੋਣ ਦੇਵੇਗਾ। ਅਗਰ ਉਹ ਸਾਡੀ ਕਿਸੇ ਗੱਲ ਤੋਂ ਨਰਾਜ਼ ਵੀ ਹੋਵੇ ਤਦ ਵੀ ਨਰਾਜ਼ਗੀ ਨਹੀਂ ਦਿਖਾਵੇਗਾ। ਉਹ ਸਬਰ ਰੱਖ ਬਸ ਸਾਡੀ ਖੁਸ਼ੀ ਨੂੰ ਮੁੱਖ ਰੱਖੇਗਾ। ਅਸੀਂ ਉਸਦੀ ਕਦਰ ਕਰੀਏ ਨਾ ਕਰੀਏ ਉਸਨੂੰ ਇਸ ਨਾਲ ਕੋਈ ਫਰਕ ਨਹੀਂ ਪਵੇਗਾ। ਉਹ ਖਿਆਲ ਰੱਖੇਗਾ ਕਿ ਉਸਦੀ ਕਿਸੇ ਅਣਗਹਿਲੀ ਕਾਰਨ ਸਾਨੂੰ ਕੋਈ ਤੰਗੀ ਨਾ ਹੋਵੇ। ਸਾਡੇ ਮੁੱਖ ਤੇ ਮੁਸਕਾਨ ਲਿਆਉਣ ਲਈ ਨਿੱਕੀ ਤੋਂ ਨਿੱਕੀ ਤੇ ਵੱਡੀ ਤੋਂ ਵੱਡੀ ਕੋਸ਼ਿਸ਼ ਕਰੇਗਾ। ਸਾਡੇ ਕਾਰਨ ਭਾਵੇਂ ਉਸਨੂੰ ਕਿੰਨਾ ਵੀ ਕਸ਼ਟ ਕਿਉਂ ਨਾ ਹੋਵੇ। ਕਦੇ ਵੀ ਦੁੱਖ ਨਹੀਂ ਮਨਾਵੇਗਾ। ਹਮੇਸ਼ਾ ਝੁਕਿਆ ਰਹੇਗਾ ਸਾਡੇ ਹਰ ਫੈਸਲੇ ਅੱਗੇ। ਸਾਡੇ ਕੰਡਾਂ ਤੱਕ ਚੁਭਣ ਤੇ ਵੀ ਉਹ ਪੀੜ ਨਾ ਤੜਫੇਗਾ। ਬਹੁਤ ਸਾਰੀਆਂ ਐਸੀਆਂ ਨਿਸ਼ਾਨੀਆਂ ਨੇ ਜਿੰਨ੍ਹਾਂ ਤੋਂ ਸਾਨੂੰ ਪਹਿਚਾਣ ਹੋ ਜਾਂਦੀ ਹੈ ਕਿ ਕੋਈ ਸਾਡੀ ਕਿਸ ਹੱਦ ਤੱਕ ਪਰਵਾਹ ਕਰ ਰਿਹਾ ਹੈ।"

"ਕੀ ਪਰਵਾਹ ਕਰਨ ਵਾਲਾ ਕਦਰ ਵੀ ਓਨੀ ਕਰਦਾ ਹੋਵੇਗਾ ਜਿੰਨੀ ਪਰਵਾਹ ਕਰਦਾ ਹੋਵੂ? ਜਾਂ ਫਿਰ ਫਰਕ ਹੋਵੇਗਾ ਕਦਰ ਕਰਨ ਤੇ ਪਰਵਾਹ ਕਰਨ ਵਿੱਚ?"

"ਦੇਖੋ ਜੋ ਤੁਹਾਡੀ ਹੱਦ ਤੋਂ ਵੱਧ ਫਿਕਰ ਕਰ ਰਿਹਾ ਹੈ। ਲਾਜ਼ਮੀ ਹੈ ਕਿ ਉਹ ਤੁਹਾਡੀ ਕਦਰ ਵੀ ਕਰਦਾ ਹੋਵੇਗਾ। ਪਰ ਇਹ ਸਿਰਫ ਪਿਆਰ ਦੇ ਪਾਇਦਾਨ ਤੇ ਹੀ ਹੋਵੇਗਾ ਭਾਵ ਜੋ ਸਾਡੀਆਂ ਭਾਵਨਾਵਾਂ ਨੂੰ ਸਮਝਦਾ ਹੋਵੂ। ਨਾ ਕਿ ਕਿਸੇ ਫਰਜ਼ ਤਲੇ।"

"ਮੈਂ ਸਮਝਿਆ ਨਹੀਂ?"

"ਜਿਵੇਂ ਕੋਈ ਡਾਕਟਰ ਜਾਂ ਨਰਸ ਸਾਡੀ ਦੇਖਭਾਲ ਕਰਦੇ ਨੇ, ਸਾਡੀ ਸਿਹਤ ਦਾ ਖਿਆਲ ਰੱਖਦੇ ਨੇ। ਪਰ ਉਹ ਆਪਣੇ ਫਰਜ਼ ਤਲੇ ਪਰਵਾਹ ਕਰਨਗੇ ਨਾ ਕਿ ਕਦਰ

ਕਰਕੇ। ਉਹ ਸਾਡੀ ਕਦਰ ਕਰਨ ਨਾ ਕਰਨ ਪਰ ਸਾਡੀ ਸਿਹਤ ਦੀ ਫਿਕਰ ਜਰੂਰ ਕਰਦੇ ਨੇ। ਸਮਝੇ?"

"ਹਾਂਜੀ ਸਮਝ ਗਿਆ। ਕੀ ਪਰਵਾਹ ਕਰਨ ਦੀ ਕੋਈ ਸੀਮਾ ਹੈ?"

ਅਸੀਂ ਗੱਲਾਂ-ਗੱਲਾਂ ਵਿੱਚ ਹੀ ਅੱਗੇ ਹੋਰ ਅੱਗੇ ਵਧਦੇ ਜਾ ਰਹੇ ਸੀ। ਮੇਰੇ ਸਵਾਲ ਵਧਦੇ ਜਾਂਦੇ ਸੀ। ਕਿਉਂਕਿ ਉਸਦੇ ਜੁਆਬ ਸੰਤੁਸ਼ਟੀ ਦੇ ਰਹੇ ਸਨ ਅਤੇ ਤਸੱਲੀ ਵੀ। ਇਸ ਲਈ ਮੈਂ ਅਗਲੇ ਸਵਾਲ ਵੱਲ ਵਧਿਆ ਤਾਂ ਉਹ ਬੋਲੀ..

"ਨਾ ਪਰਵਾਹ ਕਰਨ ਦੀ ਕੋਈ ਸੀਮਾਂ ਨਹੀਂ। ਬਲਕਿ ਇਹ ਤਾਂ ਇੱਕ ਐਸਾ ਸਮੁੰਦਰ ਹੈ ਜਿਸ ਵਿੱਚ ਇਨਸਾਨ ਡੁੱਬਕੇ ਵੀ ਆਪਣੇ ਆਪ ਨੂੰ ਡੁੱਬਿਆ ਨਹੀਂ ਸਮਝਦਾ। ਕੋਈ ਜਿੰਨੀ ਚਾਹੇ ਕਿਸੇ ਦੀ ਪਰਵਾਹ ਕਰ ਸਕਦਾ ਹੈ। ਜਿੰਨੀ ਪਰਵਾਹ ਕਰੋਗੇ ਜਾਂ ਹੋਵੇਗੀ ਓਨਾਂ ਹੀ ਵਧੀਆ ਹੈ।"

"ਕਿਉਂ?"

"ਕਿਉਂਕਿ ਜੋ ਸਾਡੀ ਪਰਵਾਹ ਕਰ ਰਿਹਾ ਹੈ ਅਸੀਂ ਨਹੀਂ ਜਾਣਦੇ ਕਿ ਉਸਨੂੰ ਇਸ ਵਿੱਚ ਕਿਸ ਹੱਦ ਤੱਕ ਸਕੂਨ ਮਿਲ ਰਿਹਾ ਹੈ। ਜਿੱਥੇ ਪਿਆਰ ਦਾ ਅਟੁੱਟ ਰਿਸ਼ਤਾ ਹੋਵੇ ਉੱਥੇ ਕਿਸੇ ਦੀ ਪਰਵਾਹ ਕਰਨ ਵਿੱਚ ਬਹੁਤ ਸਕੂਨ ਹੈ। ਬੇਸ਼ੱਕ ਆਪਾਂ ਕਿਸੇ ਦੀ ਸਾਡੇ ਲਈ ਕੀਤੀ ਪਰਵਾਹ ਦੀ ਕਦਰ ਨਾ ਕਰੀਏ। ਪਰ ਪਰਵਾਹ ਕਰਨ ਵਾਲੇ ਲਈ ਇਹ ਸਕੂਨ ਭਰਪੂਰ ਇੱਕ ਬੜੀ ਦ੍ਰਿੜ ਭਾਵਨਾ ਹੈ।"

"ਹਾਂ ਸਹੀ ਕਿਹਾ। ਪਰ ਕਈ ਲੋਕਾਂ ਨੂੰ ਪਰਵਾਹ ਹਜਮ ਨਹੀਂ ਹੁੰਦੀ।"

"ਹਾਂ ਇਹ ਉਹਨਾਂ ਦੀ ਮਰਜੀ ਹੈ ਕਿ ਉਹ ਸਾਡੀ ਕੀਤੀ ਪਰਵਾਹ ਦੀ, ਉਹਨਾਂ ਲਈ ਕੀਤੀ ਫਿਕਰ ਦੀ ਕਦਰ ਕਰਨ ਜਾਂ ਨਾ ਕਰਨ। ਉਹਨਾਂ ਨੇ ਇਸਨੂੰ ਹਜਮ ਕਰਨਾ ਹੈ ਜਾਂ ਨਹੀਂ ਕਰਨਾ। ਇਹ ਉਹਨਾਂ ਦੇ ਅਹਿਸਾਸਾਂ ਤੇ ਨਿਰਬਰ ਕਰਦਾ ਹੈ। ਅਸੀਂ ਜਬਰਨ ਕਿਸੇ ਤੋਂ ਸਾਡੇ ਦੁਆਰਾ ਕੀਤੀ ਪਰਵਾਹ ਦੀ ਕਦਰ ਨਹੀਂ ਕਰਵਾ ਸਕਦੇ। ਤੇ ਨਾ ਹੀ ਜਬਰਨ ਕਿਸੇ ਤੋਂ ਕਦਰ ਕਰਵਾਈ ਜਾ ਸਕਦੀ ਹੈ। ਕਿਸੇ ਨੂੰ ਖੁਦ-ਬਾ-ਖੁਦ ਅਹਿਸਾਸ ਹੋਵੇਗਾ ਤਾਂ ਹੀ ਕਦਰ ਹੋਵੇਗੀ। ਨਹੀਂ ਤਾਂ ਨਹੀਂ। ਫਿਰ ਸਾਡੀ ਮਰਜੀ ਹੈ ਅਸੀਂ ਪਰਵਾਹ ਕਰਨੀ ਹੈ ਜਾਂ ਨਹੀਂ। ਉਹਨਾਂ ਨੂੰ ਹਜਮ ਹੋਵੇ, ਚਾਹੇ ਨਾ ਹੋਵੇ।"

"ਜਦੋਂ ਸਾਡੀ ਕੀਤੀ ਪਰਵਾਹ ਕਿਸੇ ਨੂੰ ਹਜਮ ਨਾ ਹੋਵੇ ਜਾਂ ਕੋਈ ਕਦਰ ਨਾ ਕਰੇ ਤਾਂ ਅੱਗੇ ਕੀ ਹੋ ਸਕਦਾ ਹੈ?"

ਉਸਦੇ ਜੁਆਬ ਦੇਣ ਪਿੱਛੋਂ ਮੈਂ ਫਿਰ ਤੋਂ ਸਵਾਲ ਕੀਤਾ ਤਾਂ ਉਹ ਬੋਲੀ..

"ਜਦੋਂ ਅਸੀਂ ਕਿਸੇ ਦਾ ਬਹੁਤ ਮੋਹ ਕਰਦੇ ਹੋਈਏ ਅਤੇ ਉਹ ਭੋਰਾ ਵੀ ਕਦਰ ਨਾ ਕਰੇ ਤਾਂ ਸਾਨੂੰ ਫਿਰ ਕਿਸੇ ਇੱਕ ਸਹੀ ਵਕਤ ਤੇ ਪਿੱਛੇ ਹਟਣ ਲਈ ਮਜਬੂਰ ਹੋਣਾ ਪੈਂਦਾ ਹੈ। ਤੇ ਐਸਾ ਕੋਈ ਰਾਹ ਲੱਭਣਾ ਪੈਂਦਾ ਹੈ ਜਿਸ ਨਾਲ ਦੋਵਾਂ ਵਿੱਚੋਂ ਕਿਸੇ ਨੂੰ ਦੁੱਖ ਨਾ ਹੋਵੇ। ਕਿਉਂਕਿ ਜਦੋਂ ਇਨਸਾਨ ਥੱਕ ਜਾਂਦਾ ਹੈ ਤਾਂ ਬਹੁਤ ਟੁੱਟ ਜਾਂਦਾ ਹੈ, ਇਸ ਲਈ ਉਸਨੂੰ ਟੁੱਟਣ ਤੋਂ ਬਚਾਉਣ ਲਈ ਪਿੱਛੇ ਹਟਣਾ ਜਰੂਰੀ ਹੋ ਜਾਂਦਾ ਹੈ, ਉਹ ਵੀ ਕਿਸੇ ਵਿਚਾਲੇ ਰਾਹ ਦੀ ਚੋਣ ਕਰਕੇ।"

"ਪਰ ਜਰੂਰੀ ਨਹੀਂ ਕਿ ਪਰਵਾਹ ਕਰਨ ਵੱਲਾ ਟੁੱਟੇ?"

"ਇਹ ਸਾਡੇ ਮਨ ਦੀ ਅਵਸਥਾ ਹੈ। ਪਰ ਇਨਸਾਨ ਉਮੀਦਾਂ ਨਾਲ ਜੁੜਿਆ ਹੋਣ ਕਾਰਨ ਟੁੱਟਦਾ ਜਰੂਰ ਹੈ, ਕਿਉਂਕਿ ਉਮੀਦਾਂ ਟੁੱਟਦੀਆਂ ਨੇ। ਉਂਝ ਇਸ ਵਿੱਚ ਜਰੂਰੀ ਨਾ ਜਰੂਰੀ ਵਾਲਾ ਕੋਈ ਸਵਾਲ ਨਹੀਂ ਹੈ। ਇਹ ਤਾਂ ਬਸ ਇੱਕ ਪਾਇਦਾਨ ਹੈ, ਜਿੱਥੇ ਕਿਸੇ ਨਾ ਕਿਸੇ ਵਕਤ ਇਨਸਾਨ ਪਹੁੰਚ ਹੀ ਜਾਂਦਾ ਹੈ ਜਦੋਂ ਕਦਰ ਨਾ ਹੋਵੇ।"

"ਕੀ ਫਰਕ ਪੈਂਦਾ ਹੈ, ਪਰਵਾਹ ਕਰਨ ਵਾਲਾ ਇਸ ਗੱਲ ਦੀ ਵੀ ਪਰਵਾਹ ਨਹੀਂ ਕਰਦਾ ਕਿ ਉਸਦੀ ਕਦਰ ਹੋ ਰਹੀ ਹੈ ਜਾਂ ਨਹੀਂ। ਉਸਨੂੰ ਬਸ ਤਸੱਲੀ ਹੁੰਦੀ ਹੈ ਕਿ ਉਹ ਫਿਕਰ ਕਰਦਾ ਹੈ ਕਿਸੇ ਦੀ। ਜਿਵੇਂ ਮਾਪੇ ਸਾਡੀ ਪਰਵਾਹ ਕਰਦੇ ਨੇ, ਸਾਡੀ ਫਿਕਰ ਕਰਦੇ ਨੇ ਫਿਰ ਬਦਲੇ ਵਿੱਚ ਅਸੀਂ ਉਹਨਾਂ ਦੀ ਕਦਰ ਕਰੀਏ ਨਾ ਕਰੀਏ ਉਹ ਤਦ ਵੀ ਸਾਡੀ ਫਿਕਰ ਕਰਨੀ ਬੰਦ ਨਹੀਂ ਕਰਨਗੇ। ਉਹ ਸਾਨੂੰ ਜਬਰਦਸਤੀ ਕਦਰ ਕਰਨ ਲਈ ਵੀ ਨਹੀਂ ਕਹਿਣਗੇ। ਉਹ ਬਸ ਆਪਣੇ ਆਖਰੀ ਸਾਹ ਤੱਕ ਸਾਡੀ ਫਿਕਰ ਕਰਦੇ ਰਹਿਣਗੇ।"

"ਹਾਂ ਸਹੀ ਕਿਹਾ ਤੁਸੀਂ ਕਿ ਮਾਪੇ ਆਪਣੇ ਆਖਰੀ ਸਾਹ ਤੱਕ ਸਾਡੀ ਫਿਕਰ ਕਰਦੇ ਨੇ। ਭਾਵੇਂ ਸਾਨੂੰ ਉਹਨਾਂ ਦੇ ਬਲੀਦਾਨਾਂ ਦੀ ਕਦਰ ਹੋਵੇ ਨਾ ਹੋਵੇ। ਪਰ ਉਹ ਦੁੱਖੀ ਜਰੂਰ ਹੁੰਦੇ ਨੇ। ਬਸ ਉਹ ਬਿਆਨ ਨਹੀਂ ਕਰਦੇ ਕਿ ਉਹ ਕਿਸ ਹੱਦ ਤੱਕ ਦੁੱਖੀ ਨੇ। ਓਵੇਂ ਹੀ ਅਗਰ ਕੋਈ ਸਾਡੀ ਪਰਵਾਹ ਕਰ ਰਿਹਾ ਹੈ ਤੇ ਅਸੀਂ ਕਦਰ

ਨਹੀਂ ਕਰਦੇ ਤਾਂ ਸਾਨੂੰ ਲੱਗਦਾ ਹੈ ਕਿ ਉਸਨੂੰ ਕੋਈ ਫਰਕ ਨਹੀਂ ਪਰ ਉਹ ਵੀ ਇਨਸਾਨ ਨੇ, ਦਰਦ ਉਹਨਾਂ ਨੂੰ ਵੀ ਸਾਡੇ ਜਿੰਨਾਂ ਹੀ ਹੁੰਦਾ ਹੈ।"

"ਹਾਂ ਉਹ ਦੁੱਖੀ ਵੀ ਹੁੰਦੇ ਨੇ ਤੇ ਉਹਨਾਂ ਦਰਦ ਨੂੰ ਲੁਕਾਉਣਾ ਵੀ ਹੁੰਦਾ। ਪਰ ਕਦਰ ਮਿਲਣ ਨਾ ਮਿਲਣ ਨਾਲ ਉਹਨਾਂ ਦੇ ਪਿਆਰ ਵਿੱਚ ਫਰਕ ਨਹੀਂ ਪੈਂਦਾ। ਉਹ ਨਾ ਤਾਂ ਪਿਆਰ ਕਰਨਾ ਘੱਟ ਕਰਦੇ ਅਤੇ ਨਾ ਹੀ ਫਿਕਰ ਕਰਨੀ।"

ਮੇਰੇ ਜੁਆਬ ਦਿੰਦੇ ਹੀ ਉਹ ਖਿੜ-ਖਿੜਾ ਕੇ ਹੱਸੀ ਅਤੇ ਬੋਲੀ...

"ਮਾਪਿਆਂ ਦੇ ਪਿਆਰ ਅੱਗੇ ਕੁਝ ਵੀ ਨਹੀਂ ਟਿੱਕ ਸਕਦਾ। ਪਰ ਪਰਵਾਹ ਜਾਂ ਫਿਕਰ ਸਿਰਫ ਮਾਪਿਆਂ ਦੇ ਪਿਆਰ ਤੱਕ ਹੀ ਸੀਮਤ ਨਹੀਂ ਹੈ। ਹੋਰ ਵੀ ਬਹਤੁ ਰਿਸ਼ਤੇ ਨੇ, ਭੈਣ-ਭਾਈ, ਦੋਸਤ-ਮਿੱਤਰ, ਖਾਸ ਕਰ ਪ੍ਰੇਮੀ-ਪ੍ਰੇਮਿਕਾ ਦਾ। ਉਸ ਵਿੱਚ ਤਾਂ ਇਨਸਾਨ ਦੇ ਸਬਰ ਦੀ ਹੱਦ ਮੁੱਕ ਜਾਂਦੀ ਹੈ, ਕਿਸੇ ਇੱਕ ਵਕਤ ਤੇ।"

ਇਹ ਪਰਵਾਹ ਜਾਂ ਫਿਕਰ ਵਾਲਾ ਸਵਾਲ ਮੈਨੂੰ ਉਲਝਾ ਰਿਹਾ ਸੀ। ਮੈਂ ਸਮਝ ਰਿਹਾ ਸੀ ਕਿ ਮੈਂ ਕਦੇ ਟੁੱਟ ਨਹੀਂ ਸਕਾਂਗਾ ਕਿਸੇ ਦੀ ਫਿਕਰ ਕਰਨ ਲਈ। ਭਾਵੇਂ ਉਹ ਕਦਰ ਕਰੇ ਨਾ ਕਰੇ। ਪਰ ਉਸਦੀਆਂ ਦਲੀਲਾਂ ਮੈਨੂੰ ਝੂਠਾ ਪਾ ਰਹੀਆਂ ਸਨ। ਮੇਰੇ ਕੋਲ ਉਸ ਨੂੰ ਦੇਣ ਲਈ ਜੁਆਬ ਖਤਮ ਹੋ ਗਏ ਜਾਪਦੇ ਸਨ। ਮੈਂ ਉਸਦੇ ਜੁਆਬ ਪਿੱਛੋਂ ਚੁੱਪ ਹੋ ਗਿਆ ਅਤੇ ਆਪਣੇ ਸਵਾਲ ਨੂੰ ਮੋੜਦੇ ਹੋਏ ਪੁੱਛਿਆ....

"ਉਂਝ ਕੋਈ ਕਾਰਨ ਤਾਂ ਹੋ ਸਕਦਾ ਹੈ ਜੋ ਉਹਨਾਂ ਨੂੰ ਪਰਵਾਹ ਦੀ ਕਦਰ ਨਹੀਂ ਜਾਂ ਪਰਵਾਹ ਹਜਮ ਨਹੀਂ ਹੋ ਰਹੀ? ਅਸੀਂ ਚਾਹੇ ਕਿੰਨੀ ਕਿਸੇ ਦੀ ਫਿਕਰ ਕਰ ਲਈਏ ਉਸਨੂੰ ਕੋਈ ਫਰਕ ਨਹੀਂ। ਕੀ ਇਸਦਾ ਕੋਈ ਕਾਰਨ ਹੋ ਸਕਦਾ ਹੈ?"

"ਦੇਖੋ ਸਭ ਤੋਂ ਪਹਿਲਾਂ ਤਾਂ ਇਹ ਜਾਣ ਲਵੋ ਕਿ ਬਿਨਾਂ ਕਿਸੇ ਕਾਰਨ ਵੀ ਕੋਈ ਕਦਰ ਨਹੀਂ ਕਰਨਾ ਚਾਹੁੰਦਾ ਹੋਵੂ। ਭਾਵ ਹੋ ਸਕਦਾ ਕਿ ਕਦੇ ਉਹ ਇਨਸਾਨ ਅੱਗੇ ਵਧਨਾ ਹੀ ਨਾ ਚਾਹੁੰਦਾ ਹੋਵੇ। ਇਹ ਉਸਦੀ ਮਨ ਮਰਜੀ ਹੈ ਜਾਂ ਫਿਰ ਮਨੋ ਸਥਿਤੀ ਹੈ। ਉਸ ਦਾ ਕੋਈ ਢੁੱਕਵਾਂ ਕਾਰਨ ਨਾ ਤਾਂ ਆਪਾਂ ਲੱਭ ਸਕਦੇ ਹਾਂ ਤੇ ਨਾ ਉਸਦਾ ਕੋਈ ਹੱਲ ਹੋ ਸਕਦਾ ਹੈ। ਉਹ ਇਨਸਾਨ ਜਦ ਤੱਕ ਖੁਦ ਨਹੀਂ ਚਾਹੇਗਾ ਤੱਦ ਤੱਕ ਅਸੀਂ ਉਸ ਨਾਲ ਰਿਸ਼ਤਾ ਨਹੀਂ ਜੋੜ ਸਕਦੇ।

ਬਾਕੀ ਜੇ ਗੱਲ ਮੈਂ ਕਾਰਨਾ ਦੀ ਕਰਾਂ ਤਾਂ ਇੱਕ ਕਾਰਨ ਇਹ ਹੈ ਕਿ ਹੋ ਸਕਦਾ ਹੈ ਸਾਡੇ ਨਾਲੋਂ ਵੱਧਕੇ ਕੋਈ ਉਹਨਾਂ ਦੀ ਫਿਕਰ ਕਰ ਰਿਹਾ ਹੋਵੇ, ਜਿਸਦੇ ਅੱਗੇ ਸਾਡੀ ਕੀਤੀ ਪਰਵਾਹ ਤਿਲ ਮਾਤਰ ਲੱਗਦੀ ਹੋਵੇ। ਫਿਰ ਦੂਸਰਾ ਕਾਰਨ ਹੋ ਸਕਦਾ ਹੈ ਕਿ ਉਸਦੀ ਕੋਈ ਮਜਬੂਰੀ ਹੋਵੇ, ਜਿਸ ਕਾਰਨ ਉਸਨੂੰ ਸਾਡੀ ਉਸ ਲਈ ਕੀਤੀ ਪਰਵਾਹ ਨੂੰ ਅਣਦੇਖਿਆ ਕਰਨਾ ਪੈ ਰਿਹਾ ਹੋਵੇ ਜਾਂ ਫਿਰ ਤੀਸਰਾ ਕਾਰਨ ਭਰੋਸਾ ਹੈ। ਹੋ ਸਕਦਾ ਹੈ ਉਹਨਾਂ ਦਾ ਸਾਡੇ ਉੱਪਰ ਅਜੇ ਭਰੋਸਾ ਹੀ ਨਾ ਬਣਿਆ ਹੋਵੇ ਕਿ ਅਸੀਂ ਸੱਚਮੁੱਚ ਪਰਵਾਹ ਕਰਦੇ ਹਾਂ ਜਾਂ ਫਿਰ ਦਿਖਾਵੇ ਕਰਦੇ ਹਾਂ। ਉਹਨਾਂ ਨੂੰ ਇਹ ਭਰੋਸਾ ਹੀ ਨਹੀਂ ਕਿ ਅਸੀਂ ਜਿਵੇਂ ਹੁਣ ਉਹਨਾਂ ਦੀ ਪਰਵਾਹ ਕਰਦੇ ਹਾਂ ਕੀ ਆਉਣ ਵਾਲੇ ਵਕਤ ਵਿੱਚ ਵੀ ਇੰਞ ਪਰਵਾਹ ਕਰਾਂਗੇ। ਕਿਤੇ ਸਾਡੀ ਉਹਨਾਂ ਦੀ ਹੋ ਰਹੀ ਪਰਵਾਹ ਸੀਮਤ ਤਾਂ ਨਹੀਂ? ਹੋ ਸਕਦਾ ਉਹਨਾਂ ਨੂੰ ਭਰੋਸਾ ਹੀ ਨਾ ਹੋਵੇ ਸਾਡੀਆਂ ਭਾਵਨਾਵਾਂ ਤੇ ਸਾਡਿਆਂ ਅਹਿਸਾਸਾਂ ਦਾ। ਕਦਰ ਕਰਵਾਉਣ ਲਈ ਵਿਸ਼ਵਾਸ ਬਣਾਉਣਾ, ਜਾਂ ਬਣਨਾ ਬਹੁਤ ਜਰੂਰੀ ਹੈ। ਜਦ ਤੱਕ ਵਿਸ਼ਵਾਸ ਨਹੀਂ ਬਣੇਗਾ ਤਦ ਤੱਕ ਉਹਨਾਂ ਨੂੰ ਸਾਡੀਆਂ ਭਾਵਨਾਵਾਂ ਦੀ ਕਦਰ ਨਹੀਂ ਹੋਵੇਗੀ।"

ਉਹ ਜੁਆਬ ਦੇਣ ਪਿੱਛੋਂ ਚੁੱਪ ਹੋ ਗਈ।

(6)

ਮੈਂ ਸਵਾਲ ਕੀਤਾ ਤਾਂ ਉਸਨੇ ਕਦਰ ਨਾ ਹੋਣ ਦੇ ਕਾਰਨ ਦੱਸੇ। ਪਹਿਲਾਂ ਤਾਂ ਸਮਝ ਗਿਆ। ਪਰ ਮਜਬੂਰੀ ਅਤੇ ਭਰੋਸੇ ਵਾਲੀ ਗੱਲ ਨਾ ਸਮਝ ਪਾਇਆ ਅਤੇ ਉਸ ਬਾਰੇ ਸੋਚਣ ਲੱਗ ਪਿਆ। ਮੈਂ ਸੋਚ ਰਿਹਾ ਸੀ ਤਾਂ ਉਹ ਬੋਲੀ....

"ਹੁਣ ਤੁਹਾਡੀ ਇਹ ਜਾਣਨ ਦੀ ਇੱਛਾ ਹੋਵੇਗੀ ਕਿ ਮਜਬੂਰੀ ਤੇ ਵਿਸ਼ਵਾਸ਼ ਕੀ ਹੈ, ਹੈਨਾਂ?"

ਉਸਨੇ ਫਿਰ ਤੋਂ ਮੇਰੇ ਦਿਲ ਦੀ ਬੁੱਝ ਲਈ। ਵਾਕਿਆ ਇਹ ਤਾਂ ਰੱਬ ਹੀ ਹੈ। ਜੋ ਬਿਨ ਬੋਲੇ ਹੀ ਮਨ ਦੀਆਂ ਗੱਲਾਂ ਜਾਣ ਲੈਂਦੀ ਹੈ ਅਤੇ ਹਰ ਸਵਾਲ ਦਾ ਜੁਆਬ ਦੇਈ ਜਾਂਦੀ ਹੈ। ਮੈਂ ਹੈਰਾਨ ਸੀ ਉਸ ਲਈ। ਮੈਂ ਚੁੱਪੀ ਤੋੜੀ ਅਤੇ ਬੋਲਿਆ...

"ਹਾਂਜੀ.. ਹਾਂਜੀ.. ਜਰੂਰ ਜਾਣਨਾ ਚਾਹਾਂਗਾ।"

"ਮੈਂ ਜਾਣਦੀ ਹਾਂ ਸਭ, ਕੋਈ ਨਾ।"

ਮੈਂ ਚੁੱਪ ਸੀ ਤਾਂ ਉਹ ਬੋਲੀ...

"ਮਜਬੂਰੀ ਦਾ ਮਤਲਬ ਹੈ ਸਾਡੇ ਉੱਪਰ ਕਿਸੇ ਤਰ੍ਹਾਂ ਦੀ ਬੰਦਿਸ਼ ਦਾ ਹੋਣਾ। ਜਿਸ ਨੂੰ ਅਸੀਂ ਪਾਰ ਕਰਨ ਲਈ ਖੁਦ ਨੂੰ ਅਸਮਰੱਥ ਸਮਝਦੇ ਹੋਈਏ। ਉਹ ਬੰਦਿਸ਼ਾਂ ਜਿੰਨ੍ਹਾਂ ਨੂੰ ਅਸੀਂ ਆਪਣੀ ਮਰਜੀ ਦੇ ਕਦਮਾਂ ਨੂੰ ਪੁੱਟਣ ਵੇਲੇ ਧਿਆਨ 'ਚ ਰੱਖਦੇ ਹੋਈਏ। ਮਜਬੂਰੀ ਭਾਵ ਕਿਸੇ ਚੀਜ਼ ਦੀ ਸਾਨੂੰ ਚਾਹਤ ਹੋਵੇ ਪਰ ਕਿਸੇ ਵਜ੍ਹਾ ਕਰਕੇ ਸਾਨੂੰ ਉਸਨੂੰ ਛੱਡਣਾ ਪਵੇ। ਐਸੀਆਂ ਬੰਦਿਸ਼ਾਂ ਜਿਸ ਲਈ ਅਸੀਂ ਆਪਣੀਆਂ ਖੁਸ਼ੀਆਂ ਦਾ ਬਲੀਦਾਨ ਕਰ ਦਿੰਦੇ ਹਾਂ। ਉਹ ਬੰਦਿਸ਼ਾਂ ਜੋ ਸਾਨੂੰ ਸਾਡੀ ਮਰਜੀ ਨਾਲ ਵੀ ਕਾਰਜ ਕਰਨ ਤੋਂ ਰਾਹ ਵਿੱਚ ਰੋੜਾ ਬਣ ਜਾਣ। ਅਸੀਂ ਚਾਹ ਕੇ ਵੀ ਅੱਗੇ ਨਾ ਵੱਧ ਪਾਈਏ। ਬੰਦਿਸ਼ਾਂ ਆਖ ਲਵੋ ਜਾਂ ਫਿਰ ਮਜਬੂਰੀਆਂ ਇੱਕ ਹੀ ਗੱਲ ਏ।"

"ਕਿਵੇਂ ਦੀਆਂ ਮਜਬੂਰੀਆਂ?"

"ਮਜਬੂਰੀਆਂ ਕਿਸੇ ਤਰ੍ਹਾਂ ਦੀਆਂ ਵੀ ਹੋ ਸਕਦੀਆਂ ਨੇ। ਤੁਹਾਡੀ ਜੇਬ ਵਿੱਚ ਪੈਸੇ ਨਾ ਹੋਣ ਪਰ ਤੁਹਾਨੂੰ ਭੁੱਖ ਲੱਗੀ ਹੋਵੇ, ਤੁਸੀਂ ਚਾਹ ਕੇ ਵੀ ਕੁਝ ਨਹੀਂ ਖਾ ਸਕਦੇ, ਇਹ ਵੀ ਇੱਕ ਮਜਬੂਰੀ ਹੈ। ਤੁਸੀਂ ਕਿਸੇ ਨਾਲ ਪਿਆਰ ਕਰਦੇ ਹੋਵੋ ਪਰ ਆਪਣੀ ਪਰਿਵਾਰਿਕ ਰੋਕ ਕਾਰਨ ਤੁਸੀਂ ਉਸਨੂੰ ਦੱਸ ਨਹੀਂ ਪਾਉਂਦੇ। ਇਹ ਵੀ ਇੱਕ ਮਜਬੂਰੀ ਹੈ। ਪੜ੍ਹਾਈ, ਭਵਿੱਖ ਦੀ ਫਿਕਰ, ਅਮੀਰੀ-ਗਰੀਬੀ, ਜਾਤੀ ਵਿੱਚ ਫਰਕ, ਸਮਝ ਵਿੱਚ ਫਰਕ, ਬਹੁਤ ਸਾਰੀਆਂ ਮਜਬੂਰੀਆਂ ਜਾਂ ਬੰਦਿਸ਼ਾਂ ਹੋ ਸਕਦੀਆਂ ਨੇ। ਜੋ ਅਸਥਾਈ ਅਤੇ ਸਥਾਈ ਦੋਵੇਂ ਤਰ੍ਹਾਂ ਦੀਆਂ ਹੋ ਸਕਦੀਆਂ ਨੇ।"

"ਸਥਾਈ-ਅਸਥਾਈ ਮਤਲਬ?"

"ਸਥਾਈ ਮਤਲਬ ਜਿੰਨ੍ਹਾਂ ਤੋਂ ਪਾਰ ਨਹੀਂ ਜਾਇਆ ਜਾ ਸਕਦਾ। ਤੇ ਅਸਥਾਈ ਉਹ ਜਿਸਦੀ ਰੋਕਥਾਮ ਕੀਤੀ ਜਾ ਸਕਦੀ ਹੋਵੇ। ਜਿਸ ਤੋਂ ਪਾਰ ਜਾਇਆ ਜਾ ਸਕਦਾ ਹੋਵੇ। ਉਂਝ ਜੋ ਸਥਾਈ ਮਜਬੂਰੀ ਹੈ ਉਹ ਵੀ ਸਦਾ ਸਥਾਈ ਨਹੀਂ ਰਹਿੰਦੀ, ਮਿਹਨਤ, ਕੋਸ਼ਿਸ਼, ਮਦਦ, ਦ੍ਰਿੜਤਾ, ਸਬਰ, ਆਦਿ ਗੁਣਾਂ ਨਾਲ ਉਸਨੂੰ ਵਕਤ ਪਾ ਅਸਥਾਈ ਬਣਾਇਆ ਜਾ ਸਕਦਾ ਹੈ। ਕਿਉਂਕਿ ਐਸੀ ਕੋਈ ਵੀ ਮਜਬੂਰੀ ਨਹੀਂ ਜੋ ਕੋਸ਼ਿਸ਼ ਕਰਨ ਨਾਲ ਹੱਲ ਨਾ ਕੀਤੀ ਜਾ ਸਕਦੀ ਹੋਵੇ।"

ਮੈਨੂੰ ਲੱਗ ਰਿਹਾ ਸੀ ਜਿਵੇਂ ਉਸਦੀਆਂ ਇਹ ਗੱਲਾਂ ਮੇਰੇ ਸਿਰ ਦੇ ਉੱਪਰੋਂ ਦੀ ਹੀ ਲੰਘ ਰਹੀਆਂ ਹੋਣ। ਮੈਂ ਬੜੇ ਹੀ ਧਿਆਨ ਨਾਲ ਉਸਦੀਆਂ ਗੱਲਾਂ ਸੁਣ ਆਪਣੇ ਮਨ ਵਿੱਚ ਹੀ ਵਿਚਾਰ ਕਰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਨੂੰ ਉਸਦੀਆਂ ਗੱਲਾਂ ਸਮਝਣ ਵਿੱਚ ਵਕਤ ਜਰੂਰ ਲੱਗ ਰਿਹਾ ਸੀ ਪਰ ਮੇਰੀ ਸਮਝ ਵਿੱਚ ਜਰੂਰ ਆ ਰਹੀਆਂ ਸਨ। ਉਸਨੇ ਮਜਬੂਰੀ ਦੇ ਸਥਾਈ ਅਤੇ ਅਸਥਾਈ ਗੁਣ ਬਾਰੇ ਦੱਸਿਆ ਤਾਂ ਮੇਰੇ ਮਨ ਵਿੱਚ ਸਵਾਲ ਉਪਜਿਆ ਕਿ ਉਹ ਕਿਹੜਾ ਰਾਹ ਜਾਂ ਤਰੀਕਾ ਹੈ ਜੋ ਕਿਸੇ ਮਜਬੂਰੀ ਤੋਂ ਪਾਰ ਕਰਵਾ ਸਕਦਾ ਹੋਵੂ। ਐਸਾ ਕੀ ਕਰਨ ਨਾਲ ਮਜਬੂਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ? ਕੀ ਮਜਬੂਰੀਆਂ ਨੂੰ ਪਾਰ ਕੀਤਾ ਜਾ ਸਕਦਾ ਹੈ? ਮੈਂ ਮਨ ਵਿੱਚ ਵਿਚਾਰ ਕੀਤੀ ਅਤੇ ਬੋਲਿਆ......

"ਕੀ ਮਜਬੂਰੀ ਦੀ ਕੋਈ ਹੱਦ ਹੈ?"

"ਮੈਂ ਕਹਿ ਤਾਂ ਰਹੀ ਹਾਂ ਕਿ ਕੋਈ ਵੀ ਮਜਬੂਰੀ ਹਮੇਸ਼ਾ ਲਈ ਸਥਾਈ ਨਹੀਂ ਹੋ ਸਕਦੀ। ਕਿਤੇ ਨਾ ਕਿਤੇ ਮਜਬੂਰੀਆਂ ਦੇ ਹੱਲ ਨਿਕਲ ਆਉਂਦੇ ਨੇ। ਹਾਂ ਵਕਤ ਜਰੂਰ ਲੱਗ ਸਕਦਾ ਹੈ ਪਰ ਹੱਲ ਤਾਂ ਹੋਣਾ ਸੰਭਵ ਹੈ। ਸਾਡੀ ਸੋਚ ਦਾ ਦਾਇਰਾ ਛੋਟਾ ਹੋਣ ਕਰਕੇ ਸਾਨੂੰ ਸਾਡੀਆਂ ਮਜਬੂਰੀਆਂ ਪਹਾੜ ਵਰਗੀਆਂ ਲੱਗਦੀਆਂ ਨੇ। ਅਗਰ ਸਾਨੂੰ ਕੋਈ ਉਸ ਮਜਬੂਰੀ ਨੂੰ ਨਿੱਕਾ ਦੱਸਦੇ ਹੋਏ ਉਸ ਬਾਰੇ ਸਮਝਾਉਣਾ ਵੀ ਚਾਹੇ ਤਦ ਵੀ ਅਸੀਂ ਨਹੀਂ ਸਮਝਦੇ ਤੇ ਆਪਣੀ ਸੋਚ ਦੇ ਹਿਸਾਬ ਨਾਲ ਆਪਣੀ ਬੰਦਿਸ਼ ਨੂੰ ਆਪਣੀ ਕੋਸ਼ਿਸ਼ ਤੋਂ ਵੱਡਾ ਸਮਝਦੇ ਹਾਂ। ਸੋਚ ਦੇ ਦਾਇਰੇ ਦੀ ਇੱਕ ਕਹਾਣੀ ਸੁਣੋ..

ਇੱਕ ਵਾਰ ਇੱਕ ਹੰਸ ਉੱਡਦਾ ਹੋਇਆ ਕਿਸੇ ਖੂਹ ਤੇ ਆ ਬੈਠਾ। ਖੂਹ ਵਿੱਚ ਇੱਕ ਡੱਡੂ ਸੀ। ਡੱਡੂ ਨੇ ਹੰਸ ਨੂੰ ਪੁੱਛਿਆ ਕਿ ਤੂੰ ਕਿੱਥੋਂ ਆਇਆ ਹੈ? ਹੰਸ ਨੇ ਕਿਹਾ ਕਿ ਮੈਂ ਤਾਂ ਪੂਰੀ ਦੁਨੀਆ ਦੀ ਸੈਰ ਕਰ ਆਇਆ ਹਾਂ। ਸਮੁੰਦਰ ਕੀ, ਪਹਾੜ ਕੀ, ਨਦੀਆਂ ਕੀ, ਬੇ-ਅੰਤ ਭੰਡਾਰ ਭਰੇ ਪਏ ਨੇ ਦੁਨੀਆ ਅੰਦਰ। ਹੰਸ ਨੇ ਤਾਂ ਪੂਰੀ ਦੁਨੀਆਂ ਦਾ ਪਸਾਰਾ ਦੇਖਿਆ ਸੀ। ਜੋ ਉਸ ਨੂੰ ਪਤਾ ਸੀ ਉਸ ਨੇ ਡੱਡੂ ਨੂੰ ਦੱਸਿਆ। ਡੱਡੂ ਕਦੇ ਖੂਹ ਤੋਂ ਬਾਹਰ ਨਹੀਂ ਸੀ ਗਿਆ। ਡੱਡੂ ਨੇ ਕਦੇ ਸਮੁੰਦਰ ਨਹੀਂ ਵੇਖਿਆ ਤਾਂ ਪੁੱਛਿਆ, "ਸਮੁੰਦਰ ਕੀ ਹੈ?" ਹੰਸ ਨੇ ਡੱਡੂ ਨੂੰ ਸਮੁੰਦਰ ਦੀ ਵਿਸ਼ਾਲਤਾ ਬਾਰੇ ਦੱਸਿਆ। ਡੱਡੂ ਨੇ ਆਪਣੀ ਸਮਝ ਅਨੁਸਾਰ ਆਪਣੇ ਆਲੇ-ਦੁਆਲੇ ਇੱਕ ਘੇਰਾ ਬਣਾਇਆ ਤੇ ਕਿਹਾ, "ਕੀ ਸਮੁੰਦਰ ਏਡਾ ਵੱਡਾ ਏ?" ਹੰਸ ਹੱਸ ਪਿਆ ਤੇ ਕਿਹਾ, "ਨਹੀਂ ਇਸ ਤੋਂ ਕਿਤੇ ਵੱਡਾ।" ਡੱਡੂ ਥੋੜ੍ਹਾ ਹੋਰ ਪਿਛਾਂਹ ਹੋਇਆ ਤੇ ਪਹਿਲਾਂ ਨਾਲੋਂ ਵੱਡਾ ਘੇਰਾ ਬਣਾ ਪੁੱਛਿਆ, "ਏਡਾ ਵੱਡਾ?" ਹੰਸ

ਜੋਰ-ਜੋਰ ਦੀ ਹੱਸਿਆ ਤੇ ਕਿਹਾ, "ਨਹੀਂ ਮੂਰਖਾ ਉਸਦੀ ਵਿਸ਼ਾਲਤਾ ਇਸ ਖੂਹ ਵਿੱਚ ਘੇਰਾ ਬਣਾ ਨਹੀਂ ਮਾਪੀ ਜਾ ਸਕਦੀ।" ਅੱਗਿਓ ਡੱਡੂ ਵੀ ਜੋਰ-ਜੋਰ ਦੀ ਹੱਸਣ ਲੱਗਾ ਤੇ ਕਿਹਾ, "ਮੂਰਖ ਮੈਂ ਨਹੀਂ ਤੂੰ ਏ। ਇਸ ਖੂਹ ਤੋਂ ਵੱਡਾ ਵੀ ਭਲਾ ਕੁਝ ਹੋ ਸਕਦਾ ਏ।" ਇਸ ਲਈ ਉਸਨੇ ਹੰਸ ਦੀ ਗੱਲ ਨੂੰ ਨਾਕਾਰਾ ਕੀਤਾ। ਕਿਉਂਕਿ ਉਸਦੀ ਸੋਚ ਸਿਰਫ ਖੂਹ ਤੱਕ ਸੀਮਤ ਸੀ ਜਦਕਿ ਹੰਸ ਦੀ ਸਮਝ ਚ' ਪੂਰੀ ਦੁਨੀਆਂ ਫੈਲੀ ਹੋਈ ਸੀ। ਹੰਸ ਸਮਝ ਗਿਆ ਕਿ ਇਹ ਤਾਂ ਕਦੇ ਖੂਹ 'ਚੋਂ ਬਾਹਰ ਹੀ ਨਹੀਂ ਗਿਆ ਇਸ ਨੂੰ ਕੀ ਪਤਾ ਸਮੁੰਦਰ ਦੀ ਵਿਸ਼ਾਲਤਾ ਬਾਰੇ। ਹੰਸ ਬਿਨਾਂ ਬਹਿਸ ਕੀਤੇ ਉੱਡ ਗਿਆ।

ਇੰਝ ਹੀ ਕਿਸੇ ਨੂੰ ਉਸਦੀ ਸੋਚ ਤੋਂ ਵੱਧਕੇ ਸਮਝਾਇਆ ਨਹੀਂ ਜਾ ਸਕਦਾ। ਹਾਂ ਕਰਨੀ ਕਰਕੇ ਉਸਦੀ ਮਦਦ ਕਰਕੇ ਉਸਨੂੰ ਰਾਹ ਜਰੂਰ ਦਿਖਾਇਆ ਜਾ ਸਕਦਾ ਹੈ।

ਹੁਣ ਡੱਡੂ ਉੱਪਰ ਖੂਹ ਦੀ ਬੰਦਿਸ਼ ਸੀ ਕਿ ਉਹ ਖੂਹ ਤੋਂ ਬਾਹਰ ਨਹੀਂ ਸੀ ਜਾ ਸਕਦਾ। ਇਸ ਕਰਕੇ ਉਸਨੂੰ ਆਪਣੀ ਮਜਬੂਰੀ ਬਾਰੇ ਵੀ ਗਿਆਨ ਨਹੀਂ ਸੀ। ਉਹ ਚਾਹ ਕੇ ਵੀ ਆਪਣੀ ਇਸ ਮਜਬੂਰੀ ਦਾ ਹੱਲ ਨਹੀਂ ਸੀ ਕਰ ਸਕਦਾ। ਕਿਉਂਕਿ ਸੋਚਣ ਸਮਰੱਥਾ ਦੀ ਘਾਟ ਸੀ। ਪਰ ਜੇ ਹੰਸ ਚਾਹੁੰਦਾ ਤਾਂ ਡੱਡੂ ਦੀ ਸੋਚ ਦਾ ਦਾਇਰਾ ਵਧਾ ਸਕਦਾ ਸੀ ਉਸਨੂੰ ਖੂਹ ਵਿੱਚੋਂ ਬਾਹਰ ਕੱਢ। ਫਿਰ ਡੱਡੂ ਦੀ ਮਜਬੂਰੀ ਸਥਾਈ ਨਾ ਰਹਿੰਦੀ ਤੇ ਉਹ ਵੀ ਖੂਹ ਦੀ ਬੰਦਿਸ਼ ਤੋਂ ਆਜ਼ਾਦ ਹੋ ਜਾਂਦਾ। ਪਰ ਹੰਸ ਨੇ ਉਸਦੇ ਗਿਆਨ ਨੂੰ ਵਧਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਉਹ ਉਸਨੂੰ ਸਮਝਾਉਣ ਦੀ ਬਜਾਇ ਅਗਰ ਖੂਹ ਤੋਂ ਬਾਹਰ ਕੱਢ ਦੇਂਦਾ ਤਾਂ ਕੁਝ ਕਹਿਣ ਦੀ ਲੋੜ ਹੀ ਨਹੀਂ ਸੀ ਪੈਣੀ। ਕੋਈ ਬੰਦਿਸ਼ ਹੀ ਨਹੀਂ ਸੀ ਰਹਿਣੀ।

ਇੰਝ ਹੀ ਅਸੀਂ ਕਿਸੇ ਦੀ ਮਜਬੂਰੀ ਨੂੰ ਜਾਣਦੇ ਤਾਂ ਜਰੂਰ ਹੁੰਦੇ ਹਾਂ ਪਰ ਉਸਦੀ ਰੋਕਥਾਮ ਬਾਰੇ ਕੋਈ ਕਾਰਜ ਨਹੀਂ ਕਰਦੇ। ਸਗੋਂ ਉਸ ਉੱਪਰ ਹੋਰ ਬੰਦਿਸ਼ਾਂ ਲਾ ਦੇਂਦੇ ਹਾਂ। ਕਹਿਣ ਦਾ ਭਾਵ ਕਿ ਕਿਸੇ ਦੀ ਜਾਂ ਆਪਣੀ ਸਥਾਈ ਮਜਬੂਰੀ ਨੂੰ ਵੀ ਕੋਸ਼ਿਸ਼ ਤੇ ਮਦਦ ਨਾਲ ਹੱਲ ਕੀਤਾ ਜਾ ਸਕਦਾ ਹੈ।"

"ਕਿਵੇਂ?"

ਮੈਂ ਉਸਦਾ ਜੁਆਬ ਸੁਣ ਸਵਾਲ ਕੀਤਾ। ਤਾਂ ਉਹ ਬੋਲੀ...

"ਕਿਸੇ ਵੀ ਮਜਬੂਰੀ ਦਾ ਹੱਲ ਕਰਨ ਲਈ ਉਸ ਮਜਬੂਰੀ ਬਾਰੇ ਚੰਗੀ ਤਰ੍ਹਾਂ ਖਬਰ ਹੋਣੀ ਬਹੁਤ ਜਰੂਰੀ ਹੈ। ਮਤਲਬ ਮਜਬੂਰੀ ਦੀ ਜੜ੍ਹ ਤੱਕ ਜਾਣਾ ਚਾਹੀਦਾ ਹੈ। ਚਾਹੇ ਉਹ

ਸਾਡੀ ਮਜਬੂਰੀ ਹੋਵੇ ਜਾਂ ਕਿਸੇ ਦੂਸਰੇ ਦੀ। ਸਾਨੂੰ ਦੇਖਣਾ ਚਾਹੀਦਾ ਕਿ ਅਸਲ ਵਿੱਚ ਮਜਬੂਰੀ ਹੈ ਕੀ, ਜਿਸ ਕਰਕੇ ਸਾਡੀਆਂ ਭਾਵਨਾਵਾਂ ਦੀ ਕਦਰ ਨਹੀਂ ਹੋ ਰਹੀ। ਕੀ ਉਹ ਮਜਬੂਰੀ ਸਥਾਈ ਹੈ ਜਾਂ ਫਿਰ ਅਸਥਾਈ? ਮਜਬੂਰੀ ਦੀ ਜੜ੍ਹ ਤੱਕ ਜਾਣ ਪਿਛੋਂ ਉਸ ਉੱਪਰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਕੀ ਮਜਬੂਰੀ ਸਾਡੀ ਸੋਚ ਤੋਂ ਵਾਕਿਆ ਹੀ ਵੱਡੀ ਹੈ ਜਾਂ ਜਿੰਨਾ ਅਸੀਂ ਸੋਚ ਰਹੇ ਹਾਂ ਉਸ ਮੁਕਾਬਲੇ ਤਿਲ ਮਾਤਰ ਵੀ ਨਹੀਂ ਹੈ। ਕਿਉਂਕਿ ਕਈ ਵਾਰ ਇੰਝ ਹੁੰਦਾ ਹੈ। ਜਿੰਨਾ ਅਸੀਂ ਸੋਚਦੇ ਹਾਂ ਮੁਸ਼ਕਿਲਾਂ ਉਨੀਆਂ ਹੱਲ ਕਰਨੀਆਂ ਔਖੀਆਂ ਨਹੀਂ ਹੁੰਦੀਆਂ।

ਹੁਣ ਜਿਵੇਂ ਕੋਈ ਜੋੜਾ ਇੱਕ ਬੱਚੇ ਦੀ ਚਾਹਤ ਰੱਖਦਾ ਹੋਵੇ। ਪਰ ਔਰਤ ਦਰਦ ਦੇ ਡਰ ਕਾਰਨ ਜਾਂ ਨੌ ਮਹੀਨੇ ਪੇਟ ਅੰਦਰ ਇੱਕ ਜਿੰਦ ਰੱਖਣ ਕਾਰਨ ਮਾਂ ਬਣਨ ਤੋਂ ਕਤਰਾਉਂਦੀ ਹੋਵੇ। ਮਤਲਬ ਸੋਚਣ ਵਿੱਚ ਉਸਨੂੰ ਬਹੁਤ ਡਰ ਲੱਗਦਾ ਸੀ। ਪਰ ਜਦੋਂ ਬੱਚੇ ਨੇ ਜਨਮ ਲੈ ਲਿਆ ਉਸਦਾ ਡਰ ਖਤਮ ਹੋ ਗਿਆ। ਜੇ ਉਸਦੇ ਮਨ ਵਿੱਚ ਸਿਰਫ ਡਰ ਰਹਿੰਦਾ ਤਾਂ ਉਹ ਕਦੇ ਮਾਂ ਬਣਨ ਦਾ ਸੁੱਖ ਨਹੀਂ ਸੀ ਮਾਣ ਸਕਦੀ। ਉਸਨੂੰ ਇਹ ਮੁਸ਼ਕਿਲ ਜਰੂਰ ਲੱਗਦਾ ਸੀ ਪਰ ਵਕਤ ਦੇ ਨਾਲ ਇਹ ਮੁਸ਼ਕਿਲ ਸਥਾਈ ਨਹੀਂ ਰਹੀ। ਸਗੋਂ ਖੁਸ਼ੀ ਵਿੱਚ ਤਬਦੀਲ ਹੋ ਗਈ। ਇੰਝ ਹੀ ਕੋਈ ਵੀ ਮਜਬੂਰੀ ਜਾਂ ਬੰਦਿਸ਼ ਸਦਾ ਲਈ ਨਹੀਂ ਹੋ ਸਕਦੀ। ਹਰ ਇੱਕ ਮੁਸ਼ਕਿਲ ਦਾ ਤੋੜ ਜਰੂਰ ਹੁੰਦਾ ਹੈ। ਉਹ ਵਕਤ ਵੀ ਹੋ ਸਕਦਾ ਹੈ ਜਾਂ ਫਿਰ ਕੁਝ ਹੋਰ।"

ਨਸੀਬੋ ਮੈਨੂੰ ਮਜਬੂਰੀ ਬਾਰੇ ਸਮਝਾ ਰਹੀ ਸੀ ਤਾਂ ਮੈਨੂੰ ਫਿਰ ਤੋਂ ਸ਼ਹਿਨਾਜ ਦੀ ਯਾਦ ਆਈ। ਕਿਵੇਂ ਮੈਂ ਉਸਦੀ ਮਜਬੂਰੀ ਨੂੰ ਵੇਖਦੇ ਉਸਨੂੰ ਮੁਸ਼ਕਿਲਾਂ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਦਾ ਰਿਹਾ। ਪਰ ਉਸਨੇ ਆਪਣੀਆਂ ਮੁਸ਼ਕਿਲਾਂ ਦਾ ਬੋਝ ਏਨਾ ਵਧਾ ਲਿਆ ਸੀ ਕਿ ਉਸਨੂੰ ਇੰਝ ਲੱਗਦਾ ਸੀ ਜਿਵੇਂ ਪੂਰੀ ਕਾਇਨਾਤ ਵਿੱਚ ਸਭ ਤੋਂ ਵੱਧ ਉਹੀ ਦੁਖੀ ਹੋਵੇ। ਸਭ ਤੋਂ ਜਿਆਦਾ ਉਸਨੂੰ ਹੀ ਦੁੱਖ ਹੋਵੇ। ਮੈਂ ਅਗਰ ਉਸਦੀ ਮਜਬੂਰੀ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ ਤਾਂ ਉਹ ਮੈਨੂੰ ਹੀ ਬੋਝ ਸਮਝਣ ਲੱਗ ਪਈ ਸੀ। ਮੈਨੂੰ ਤਾਂ ਇੰਝ ਜਾਪਣ ਲੱਗਦਾ ਸੀ ਜਿਵੇਂ ਮੈਂ ਉਸਦੀਆਂ ਮੁਸ਼ਕਿਲਾਂ ਵਿੱਚ ਵਾਧਾ ਕਰਨ ਲੱਗ ਪਿਆ ਹੋਵਾਂ। ਮੈਂ ਸ਼ਹਿਨਾਜ ਤੋਂ ਧਿਆਨ ਹਟਾਉਂਦੇ ਹੋਏ ਨਸੀਬੋ ਤੋਂ ਸਵਾਲ ਪੁੱਛਿਆ.....

"ਇਹ ਤਾਂ ਠੀਕ ਪਰ ਕਿਸੇ ਵੀ ਮਜਬੂਰੀ ਜਾਂ ਬੰਦਿਸ਼ ਦਾ ਤੋੜ ਕਰਨ ਤੇ ਦਰਦ ਤਾਂ ਜਰੂਰ ਹੋਵੇਗਾ। ਉਹ ਸਾਨੂੰ ਜਾਂ ਸਾਡੇ ਆਪਣਿਆਂ ਨੂੰ ਵੀ ਹੋ ਸਕਦਾ। ਆਪਣੇ ਦਰਦ ਦੀ

ਤਾਂ ਕੋਈ ਪਰਵਾਹ ਨਹੀਂ ਕਰਦਾ ਪਰ ਆਪਣਿਆਂ ਨੂੰ ਹੋਣ ਵਾਲੇ ਦਰਦ ਦੀ ਪਰਵਾਹ ਜਰੂਰ ਹੁੰਦੀ ਹੈ।"

"ਹਾਂ ਦਰਦ ਤਾਂ ਜਰੂਰ ਹੋਵੇਗਾ ਪਰ ਅਰਾਮ ਵੀ ਤਾਂ ਬਾਅਦ ਵਿੱਚ ਹੈ। ਅਗਰ ਪਹਿਲਾਂ ਦੁੱਖ ਭੋਗਿਆ ਹੈ ਤਾਂ ਅੱਗੇ ਸੁੱਖ ਵੀ ਤਾਂ ਭੋਗਾਂਗੇ ਹੀ। ਦੇਖੋ ਹਰ ਚੀਜ਼ ਵਿੱਚ ਦਰਦ ਵੀ ਹੈ ਤੇ ਅਰਾਮ ਵੀ। ਅਗਰ ਕੋਈ ਰੱਬ ਨੂੰ ਲੱਭਣ ਤੁਰਿਆ ਹੈ ਤਾਂ ਉਹ ਵੀ ਆਪਣੇ ਸਰੀਰ ਤੇ ਕਈ ਕਸ਼ਟ ਝੱਲ ਹੀ ਰੱਬ ਨੂੰ ਪ੍ਰਾਪਤ ਕਰ ਪਾਉਂਦਾ ਹੈ। ਭਾਵੇਂ ਉਹ ਦੁਨੀਆ ਦੇ ਸਭ ਤੋਂ ਅਹਿਮ ਤੇ ਸੱਚੇ-ਸੁੱਚੇ ਕਾਰਜ ਕਰਨ ਲਈ ਹੀ ਕਿਉਂ ਨਾ ਤੁਰਿਆ ਹੋਵੇ। ਇਸ ਸੰਸਾਰ ਵਿੱਚ ਮੁਫਤ ਕੁਝ ਨਹੀਂ ਮਿਲਦਾ। ਕੁਝ ਹਾਸਲ ਕਰਨ ਲਈ ਕੁਝ ਖਰਚ ਜਰੂਰ ਕਰਨਾ ਪੈਂਦਾ ਹੈ। ਅਸੀਂ ਜਰੂਰ ਸੋਚਦੇ ਹਾਂ ਕਿ ਐਸੀ ਕਿਸੇ ਬੰਦਿਸ਼ ਨੂੰ ਪਾਰ ਨਾ ਕਰੀਏ ਜਿਸ ਨਾਲ ਸਾਡੇ ਆਪਣਿਆਂ ਨੂੰ ਠੇਸ ਲੱਗੇ। ਪਰ ਉਹੀ ਬੰਦਿਸ਼ਾਂ ਅੱਗੇ ਚੱਲ ਕੇ ਸਾਡੀਆਂ ਬੇੜੀਆਂ ਬਣ ਜਾਦੀਆਂ ਨੇ। ਜਿੰਨ੍ਹਾਂ ਬਾਰੇ ਅਸੀਂ ਵਰਤਮਾਨ ਸਮੇਂ ਵਿੱਚ ਵਿਚਾਰ ਨਹੀਂ ਕਰ ਪਾਉਂਦੇ। ਅਸੀਂ ਦੂਸਰਿਆਂ ਨੂੰ ਖੁਸ਼ ਰੱਖਣ ਦੇ ਚੱਕਰ ਵਿੱਚ ਆਪਣੀਆਂ ਖੁਸ਼ੀਆਂ ਦਾ ਬਲੀਦਾਨ ਕਰਦੇ ਰਹਿੰਦੇ ਹਾਂ। ਬਲੀਦਾਨ ਕਰਨਾ ਠੀਕ ਹੈ ਪਰ ਜੋ ਸਾਨੂੰ ਉਮਰ ਭਰ ਲਈ ਬੰਦਿਸ਼ਾਂ ਵਿੱਚ ਬੰਨ੍ਹ ਦੇਵੇ ਉਹ ਬਲੀਦਾਨ ਨਹੀਂ ਖੁਦਖੁਸ਼ੀ ਹੈ। ਅਸੀਂ ਭਾਵੇਂ ਸਾਰੀ ਉਮਰ ਕਿਉਂ ਨਾ ਲੱਗੇ ਰਹੀਏ ਅਸੀਂ ਕਿਸੇ ਨੂੰ ਸਦਾ ਲਈ ਖੁਸ਼ ਨਹੀਂ ਰੱਖ ਪਾਵਾਂਗੇ। ਇਸ ਜੱਗ ਅੰਦਰ ਕੁਝ ਵੀ ਸਥਾਈ ਨਹੀਂ ਹੈ। ਸਿਵਾਏ ਪ੍ਰਮਾਤਮਾ ਦੇ।"

ਮੈਂ ਚੁੱਪ ਸੀ। ਬਸ ਉਸਨੂੰ ਸੁਣ ਰਿਹਾ ਸੀ। ਉਹ ਲਗਾਤਾਰ ਜੋਸ਼ ਵਿੱਚ ਆਪਣੀਆਂ ਗੱਲਾਂ ਮੇਰੇ ਜਹਿਨ ਵਿੱਚ ਬਿਠਾਉਣ ਦੀ ਕੋਸ਼ਿਸ਼ ਕਰਦੀ ਜਾ ਰਹੀ ਸੀ। ਉਸਦੇ ਮੁੱਖ ਉੱਤੇ ਤੇਜ ਸੀ। ਲਾਲਗੀ ਨਾਲ ਭਰਿਆ ਮੂੰਹ ਵੇਖਦਾ ਉਸਦੀਆਂ ਗੱਲਾਂ ਨਾਲ ਮੇਲ ਖਾਂਦੇ ਉਸਦੇ ਮੁੱਖ ਦੇ ਹਾਵਾਂ-ਭਾਵਾਂ ਨਾਲ ਹਰ ਇੱਕ ਗੱਲ ਟਿਕਾਣੇ ਉੱਤੇ ਲਗਾਈ ਜਾ ਰਿਹਾ ਸੀ। ਉਸਦੀਆਂ ਮਜਬੂਰੀਆਂ, ਬੰਦਿਸ਼ਾਂ ਬਾਰੇ ਇਹ ਸੋਚ ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਰੱਬ ਅਖਵਾਉਣ ਵਾਲੀ ਇਸ ਕੁੜੀ ਉੱਤੇ ਯਕੀਨ ਕਰਾਂ ਜਾਂ ਨਾ ਕਰਾਂ। ਪਰ ਉਸਦੇ ਜੁਆਬ ਬੜੇ ਹੀ ਦ੍ਰਿੜਤਾ ਭਰੇ ਸੀ। ਜੋ ਕਿ ਮੇਰਿਆਂ ਸਵਾਲਾਂ ਲਈ ਬਿਲਕੁਲ ਠੀਕ ਸਨ। ਮੈਂ ਉਸਦੇ ਜੁਆਬ ਪਿੱਛੋਂ ਉਸਦੇ ਲਾਲਗੀ ਨਾਲ ਭਰੇ ਮੁੱਖ ਨੂੰ ਦੇਖਦੇ ਹੋਏ ਕਿਹਾ..

"ਕੀ ਮਜਬੂਰੀਆਂ ਦੀ ਹੱਦ ਅਸੀਂ ਆਪ ਬਣਾਈ ਹੈ?"

"ਹਾਂ ਬੇਸ਼ੱਕ। ਦੇਖੋ ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸੇ ਬੰਦਿਸ਼ ਨੂੰ, ਮੁਸ਼ਕਿਲ ਨੂੰ, ਮਜਬੂਰੀ ਨੂੰ ਵੱਡਾ ਕਰਕੇ ਜਾਣਨਾ ਹੈ ਜਾਂ ਛੋਟਾ ਕਰਕੇ। ਸੋਚੋ ਤਾਂ ਮਜਬੂਰੀਆਂ ਦੀ ਕੋਈ ਹੱਦ ਹੀ ਨਹੀਂ, ਸੋਚੋਂ ਤਾਂ ਇਹ ਤਿਲ ਮਾਤਰ ਵੀ ਨਹੀਂ। ਐਸੀ ਤਾਂ ਕੋਈ ਮਜਬੂਰੀ ਨਹੀਂ ਜਿਸਦੀ ਰੋਕਥਾਮ ਨਾ ਹੋ ਸਕੇ। ਕਿਸੇ ਵੀ ਮਜਬੂਰੀ ਨੂੰ ਹੱਲ ਕਰਨ ਲਈ, ਉਸ ਮਜਬੂਰੀ ਬਾਰੇ ਨਹੀਂ ਬਲਕਿ ਉਸਦੇ ਹੱਲ ਬਾਰੇ ਵਧੇਰੇ ਵਿਚਾਰ ਕਰਨੀ ਚਾਹੀਦੀ ਹੈ। ਮਜਬੂਰੀਆਂ ਦੇ ਹੱਲ ਕਰਨ ਲਈ ਮਜਬੂਰੀਆਂ ਨੂੰ ਗੰਭੀਰਤਾ ਨਾਲ ਸਮਝਣਾ ਬਹੁਤ ਜਰੂਰੀ ਹੈ।"

"ਕਿਸੇ ਦੀ ਮਜਬੂਰੀ ਸਮਝਣ ਲਈ ਜਾਂ ਆਪਣੀ ਮਜਬੂਰੀ ਸਮਝਾਉਣ ਲਈ ਕੋਈ ਤਰੀਕਾ ਹੈ?"

"ਕੋਈ ਇਨਸਾਨ ਜਾਂ ਤੁਸੀਂ ਕਿਸੇ ਦੀ ਮਜਬੂਰੀ ਨੂੰ ਤਦ ਹੀ ਸਮਝ ਪਾਵੋਗੇ ਜਦੋਂ ਤੁਸੀਂ ਉਸਤੇ ਜਾਂ ਉਹ ਤੁਹਾਡੇ ਉੱਪਰ ਪੂਰਨ ਵਿਸ਼ਵਾਸ ਰੱਖੇਗਾ। ਵਿਸ਼ਵਾਸ ਕਿ ਤੁਸੀਂ ਉਸਨੂੰ ਜਾਂ ਉਹ ਤੁਹਾਨੂੰ ਕਦੇ ਝੂਠ ਨਹੀਂ ਬੋਲੇਗਾ। ਕਦੇ ਧੋਖਾ ਨਹੀਂ ਦੇਵੇਗਾ। ਕਿਉਂਕਿ ਮਜਬੂਰੀਆਂ ਦੇ ਨਾਂਅ ਉੱਤੇ ਧੋਖੇ ਬਹੁਤੇ ਹੁੰਦੇ ਨੇ। ਮਜਬੂਰੀ ਨੂੰ ਸਮਝਣਾ ਜਾਂ ਸਮਝਾਉਣਾ ਹੈ ਤਾਂ ਵਿਸ਼ਵਾਸ ਬਣਾਉ। ਅਗਰ ਵਿਸ਼ਵਾਸ਼ ਬਣ ਗਿਆ ਤਾਂ ਤੁਹਾਡੀਆਂ ਭਾਵਨਾਵਾਂ ਦੀ ਕਦਰ ਵੀ ਹੋਵੇਗੀ।"

ਮੇਰਾ ਧਿਆਨ ਇੱਕ ਦਮ ਨਸੀਬੋ ਦੀ ਗੱਲ ਵਿੱਚੋਂ ਟੁੱਟਾ ਅਤੇ ਸ਼ਹਿਨਾਜ ਦੀ ਤਰਫ ਹੋ ਗਿਆ। ਮੈਂ ਸ਼ਹਿਨਾਜ ਦੇ ਘਰ ਦੇ ਬਾਹਰ ਖੜਾ ਸੀ। ਮੀਂਹ ਏਨੇ ਜੋਰ ਦਾ ਸੀ ਕਿ ਮੇਰੇ ਸਾਰੇ ਲੀੜੇ ਚੰਗੀ ਤਰ੍ਹਾਂ ਗਿੱਲੇ ਹੋ ਚੁੱਕੇ ਸਨ। ਮੇਰੇ ਨਾਲ ਮੇਰੀ ਭੂਆ ਪੁੱਤ ਸ਼ਹਿਬਾਜ ਸੀ। ਉਹ ਥੋੜਾ ਪਿੱਛੇ ਖੜਾ ਸੀ। ਉਸਦੇ ਵੀ ਸਾਰੇ ਲੀੜੇ ਭਿੱਜ ਚੁੱਕੇ ਸਨ। ਅਸੀਂ ਦੋਵੇਂ ਇਸ ਵਰ੍ਹਦੇ ਤੇਜ ਮੀਂਹ ਵਿੱਚ ਬਿਆਸੋਂ ਤਰਨ ਤਾਰਨ ਆਏ ਸੀ। ਗੁਰਦੁਆਰਾ ਲਕੀਰ ਸਾਹਿਬ ਦੇ ਕੋਲ ਸ਼ਹਿਨਾਜ ਦਾ ਘਰ ਸੀ। ਸ਼ਹਿਨਾਜ ਨੇ ਆਪਣੇ ਘਰ ਦਾ ਬੂਹਾ ਖੋਲ੍ਹਿਆ, ਬਾਹਰ ਆਈ ਅਤੇ ਡਰਦੀ ਹੋਈ ਮੇਰੇ ਵੱਲ ਵਧੀ। ਮੇਰੇ ਕੋਲ ਆਈ ਅਤੇ ਬੋਲੀ...

"ਲਵ ਜਾਵੋ ਏਥੋਂ। ਜੇ ਕਿਸੇ ਵੇਖ ਲਿਆ ਤਾਂ ਮੈਂ ਹੋਰ ਮੁਸ਼ਕਿਲ ਵਿੱਚ ਆ ਜਾਣਾ।"

"ਮੈਂ ਕੁਝ ਨਹੀਂ ਸੁਣਨਾ ਤੂੰ ਚੁੱਪ ਕਰਕੇ ਨਾਲ ਚੱਲ ਮੇਰੇ।"

ਮੈਂ ਬੜੇ ਹੀ ਗੁੱਸੇ ਵਿੱਚ ਉਸਨੂੰ ਕਿਹਾ ਤਾਂ ਉਹ ਆਪਣੇ ਘਰਦਿਆਂ ਦੇ ਡਰ ਕਾਰਨ ਬੜੀ ਹੀ ਹੌਲੀ ਜਿਹੀ ਆਵਾਜ਼ ਵਿੱਚ ਬੋਲੀ..

"ਲਵ ਤੁਸੀਂ ਕਿਉਂ ਨਹੀਂ ਮੇਰੀ ਮਜਬੂਰੀ ਸਮਝਦੇ। ਮੈਂ ਨਹੀਂ ਤੁਹਾਡੇ ਨਾਲ ਜਾ ਸਕਦੀ ਕਿਤੇ ਵੀ। ਮੈਂ ਬੱਝੀ ਹੋਈ ਹਾਂ ਆਪਣੀਆਂ ਮਜਬੂਰੀਆਂ ਨਾਲ।"

"ਯਾਰ ਕਿੱਡੀਆਂ ਕੁ ਤੇਰੀਆਂ ਮਜਬੂਰੀਆਂ ਨੇ ਜੋ ਤੈਨੂੰ ਲੱਗਦਾ ਕਿ ਮੈਂ ਨਹੀਂ ਹੱਲ ਕਰ ਸਕਦਾ।"

"ਲਵ ਮੈਂ ਇਸ ਵਕਤ ਇਹ ਗੱਲਾਂ ਨਹੀਂ ਕਰ ਸਕਦੀ। ਤੁਸੀਂ ਜਾਵੋ ਘਰ ਮੈਂ ਤੁਹਾਡੇ ਨਾਲ ਫ਼ੂਨ ਤੇ ਗੱਲ ਕਰਦੀ ਹਾਂ।"

"ਨਹੀਂ ਜਾਣਦਾ ਹਾਂ ਮੈਂ ਤੇਰੇ ਲਾਰਿਆਂ ਨੂੰ, ਤੂੰ ਨਾ ਤਾਂ ਕੋਈ ਗੱਲ ਕਰਨੀ ਤੇ ਨਾ ਹੀ ਫ਼ੂਨ। ਹੁਣ ਵੀ ਤੇਰੇ ਫ਼ੂਨ ਦੇ ਲਾਰੇ ਦੀ ਉਡੀਕ ਕਰਦੇ ਮੈਨੂੰ ਮਜਬੂਰਨ ਪੰਦਰਾਂ ਦਿਨਾਂ ਪਿੱਛੋਂ ਤੇਰੇ ਘਰ ਆਉਣਾ ਪਿਆ।"

"ਲਵ ਜਾਵੋ ਯਾਰ ਤੁਸੀਂ, ਮੈਂ ਪੱਕਾ ਫ਼ੂਨ ਕਰੂਗੀਂ ਤੇ ਤੁਹਾਨੂੰ ਬਾਹਰ ਮਿਲਾਂਗੀ ਵੀ। ਤੁਸੀਂ ਜਾਵੋ ਹੁਣ।"

"ਐਵੇਂ ਲਾਰੇ ਜਿਹੇ ਨਾ ਲਾ। ਜੇ ਮੇਰੇ ਨਾਲ ਜਾਣਾ ਤਾਂ ਤੁਰ, ਨਹੀਂ ਤੇ ਸਭ ਖਤਮ ਕਰ।"

"ਅੱਛਾ ਤੇ ਤੁਸੀਂ ਸਭ ਖਤਮ ਕਰਨਾ ਚਾਹੁੰਦੇ ਹੋ?"

"ਤੇ ਬੁੱਗੇ ਬਚਿਆ ਵੀ ਕੀ ਆ ਜੋ ਖਤਮ ਕਰੀਏ? ਬਸ ਤੂੰ ਕਿਹਾ ਨਹੀਂ, ਉਂਝ ਹੈ ਤਾਂ ਸਭ ਖਤਮ ਹੀ। ਤੂੰ ਆਖਰੀ ਵਾਰ ਆਖ ਦੇ ਕਿ ਤੇਰਾ ਮੇਰੇ ਨਾਲ ਕੋਈ ਰਿਸ਼ਤਾ ਨਹੀਂ। ਮੈਂ ਨਹੀਂ ਛੱਡ ਸਕਦੀ ਆਪਣੀਆਂ ਮਜਬੂਰੀਆਂ, ਤਾਂ ਮੈਂ ਪਿੱਛੇ ਹੱਟ ਜਾਵਾਂਗਾ।"

"ਤੁਹਾਨੂੰ ਮੇਰੇ ਤੇ ਵਿਸ਼ਵਾਸ ਹੀ ਨਹੀਂ ਭੋਰਾ ਵੀ। ਮੈਂ ਹੁਣ ਕੀ ਕਹਾਂ।"

"ਤੂੰ ਆਪਣੀ ਮਜਬੂਰੀ ਤੇ ਦੱਸ ਐਸੀ ਕਿਹੜੀ ਤੇਰੀ ਮਜਬੂਰੀ ਆ ਜੋ ਤੂੰ ਪੰਜ ਮਿੰਟ ਤੱਕ ਨਹੀਂ ਕੱਢ ਸਕਦੀ ਮੇਰੇ ਲਈ।"

"ਤੁਸੀਂ ਸਭ ਜਾਣਦੇ ਤਾਂ ਹੋ ਕਿ ਮੇਰਾ ਪਰਿਵਾਰ ਕਦੇ ਵੀ ਆਪਣੇ ਰਿਸ਼ਤੇ ਲਈ ਰਾਜੀ ਨਹੀਂ ਹੋ ਸਕਦਾ।"

"ਮੈਂ ਕਰ ਲੈਂਦਾ ਤੇਰੇ ਘਰਦਿਆਂ ਨਾਲ ਗੱਲ। ਮੈਨੂੰ ਲਾਉਣ ਦੇ ਆਪਣੀ ਵਾਹ ਇੱਕ ਵਾਰ।"

"ਨਹੀਂ ਮੰਨਣਾ ਯਾਰ ਉਹਨਾਂ ਨੇ। ਮੈਂ ਜਾਣਦੀ ਹਾਂ ਆਪਣੇ ਘਰਦਿਆਂ ਨੂੰ ਚੰਗੀ ਤਰ੍ਹਾਂ।"

"ਫਿਰ ਪਹਿਲਾਂ ਨਹੀਂ ਸੀ ਤੂੰ ਜਾਣਦੀ? ਜਦੋਂ ਮੇਰੇ ਨਾਲ ਪਿਆਰ ਦੀਆਂ ਪੀਘਾਂ ਦੇ ਝੂਟੇ ਲੈਂਦੀ ਫਿਰਦੀ ਸੀ।"

"ਲਵ ਜਾਵੋ ਤੁਸੀਂ ਮੈਂ ਤੁਹਾਡੇ ਨਾਲ ਬਹਿਸ ਨਹੀਂ ਕਰਨੀ ਚਾਹੁੰਦੀ।"

ਅਸੀਂ ਦੋਵੇਂ ਉਸਦੇ ਘਰ ਦੇ ਸਾਹਮਣੇ ਇੱਕ ਦੂਜੇ ਨਾਲ ਗੱਲਾਂ-ਗੱਲਾਂ ਵਿੱਚ ਬਹਿਸ ਰਹੇ ਸੀ। ਉਹ ਆਪਣੀਆਂ ਮਜਬੂਰੀਆਂ ਦੇ ਵੱਸ ਹੋ ਮੇਰੇ ਨਾਲ ਰਿਸ਼ਤਾ ਤੋੜਨ ਦੀ ਜੱਦੋ-ਜ਼ਹਿਦ ਵਿੱਚ ਸੀ ਅਤੇ ਮੈਂ ਉਸਨੂੰ ਉਸਦੀਆਂ ਮਜਬੂਰੀਆਂ 'ਚੋਂ ਬਾਹਰ ਕੱਢ ਆਪਣੇ ਸੰਗ ਲਾਉਣ ਦੇ ਯਤਨ ਵਿੱਚ। ਪਰ ਮੈਨੂੰ ਸਾਫ ਨਜ਼ਰ ਆ ਰਿਹਾ ਸੀ ਕਿ ਉਹ ਰਿਸ਼ਤਾ ਨਹੀਂ ਰੱਖਣਾ ਚਾਹੁੰਦੀ। ਮੀਂਹ ਦੀ ਆਵਾਜ਼ ਏਨੀ ਉੱਚੀ ਸੀ ਕਿ ਸਾਨੂੰ ਦੋਹਾਂ ਨੂੰ ਆਪਣੀ-ਆਪਣੀ ਗੱਲ ਕਹਿਣ ਲਈ ਚੀਖ-ਚੀਖ ਗੱਲ ਕਰਨੀ ਪੈ ਰਹੀ ਸੀ। ਮੈਨੂੰ ਗੁੱਸਾ ਸੀ ਕਿ ਉਹ ਆਪਣੀਆਂ ਮਜਬੂਰੀਆਂ ਨੂੰ, ਆਪਣੀਆਂ ਮੁਸ਼ਕਿਲਾਂ ਨੂੰ ਏਨਾ ਵਧਾ ਰਹੀ ਸੀ ਕਿ ਬਿਲਕੁਲ ਵੀ ਨਹੀਂ ਸੀ ਸਮਝ ਰਹੀ ਕਿ ਮੈਂ ਉਹਨਾਂ ਨੂੰ ਹੱਲ ਕਰਨ ਵਿੱਚ ਉਸਦੀ ਜੀਅ ਤੋੜ ਮਦਦ ਕਰਾਂਗਾ। ਮੀਂਹ ਵਿੱਚ ਉਸਦੇ ਵੀ ਕੱਪੜੇ ਪੂਰੀ ਤਰ੍ਹਾਂ ਭਿੱਜ ਚੁੱਕੇ ਸਨ। ਉਸਦੇ ਦੰਦ ਦੰਦਾਂ ਨਾਲ ਖਹਿ ਰਹੇ ਸਨ। ਜਿਵੇਂ ਉਸਨੂੰ ਠੰਡ ਲੱਗ ਰਹੀ ਹੋਵੇ। ਮੇਰਾ ਪੂਰਾ ਸਰੀਰ ਸੁੰਨ ਹੋਇਆ ਪਿਆ ਸੀ। ਮੈਂ ਗੁੱਸੇ ਵਿੱਚ ਉਸਨੂੰ ਬਾਹੋਂ ਫੜਿਆ ਅਤੇ ਕਿਹਾ...

"ਚੱਲ ਸ਼ਹਿਨਾਜ।"

"ਹੱਥ ਛੱਡੋ ਮੇਰਾ। ਮੈਂ ਨਹੀਂ ਜਾਣਾ ਕਿਤੇ ਵੀ।"

"ਨਹੀਂ ਸ਼ਹਿਨਾਜ ਮੈਂ ਨਹੀਂ ਕੁਝ ਸੁਣਨਾ ਤੂੰ ਨਾਲ ਚੱਲ ਮੇਰੇ।"

"ਮੈਂ ਕਿਹਾ ਨਾ ਛੱਡੋ ਮੇਰਾ ਹੱਥ।"

ਉਸਨੇ ਖਿੱਝਕੇ ਕਿਹਾ ਅਤੇ ਜੋਰ ਨਾਲ ਆਪਣਾ ਹੱਥ ਛੁਡਾ ਲਿਆ। ਹੱਥ ਛੁਡਾਉਂਦੇ ਹੀ ਬੋਲੀ..

"ਬਸ ਲਵ ਹੁਣ, ਤੁਸੀਂ ਨਾ ਤਾਂ ਕਦੇ ਮੇਰੇ ਪਿਆਰ ਨੂੰ ਸਮਝ ਪਾਏ ਤੇ ਨਾ ਹੀ ਕਦੇ ਮੇਰੀਆਂ ਮਜਬੂਰੀਆਂ ਨੂੰ। ਕਦੇ ਮੇਰੇ ਤੇ ਵਿਸ਼ਵਾਸ ਰੱਖਿਆ ਹੀ ਨਹੀਂ। ਕਦੇ ਮੇਰੀ

ਖੁਸ਼ੀ, ਮੇਰੇ ਦੁੱਖ ਬਾਰੇ ਸੋਚਿਆ ਨਹੀਂ ਹਮੇਸ਼ਾ ਆਪਣੇ ਹੀ ਸੁੱਖ ਲਈ ਮੈਨੂੰ ਕਠਪੁਤਲੀ ਸਮਝ ਰੱਖਿਆ।"

"ਮੈਂ ਨਹੀਂ ਸਮਝਿਆ ਤੇਰੇ ਪਿਆਰ ਨੂੰ? ਤੇਰੀਆਂ ਮਜਬੂਰੀਆਂ ਨੂੰ? ਸ਼ਹਿਨਾਜ ਜਿਸ ਕਦਰ ਮੈਂ ਤੇਰਾ ਸਾਥ ਦੇਣ ਦੀ ਹਮੇਸ਼ਾ ਕੋਸ਼ਿਸ਼ ਕਰਦਾ ਰਿਆ। ਧਿਆਨ ਮਾਰੀ ਕਦੇ ਕਿਸੇ ਹੋਰ ਨੇ ਵੀ ਏਦਾਂ ਕੀਤਾ ਤੇਰੇ ਨਾਲ?"

"ਭਲੀ-ਭਾਤੀ ਜਾਣਦੀ ਹਾਂ ਤੁਸੀਂ ਕੀ-ਕੀ ਕੀਤਾ ਮੇਰੇ ਲਈ। ਤੁਸੀਂ ਬਸ ਦਿਖਾਉਂਦੇ ਰਹੇ ਕਿ ਮੈਂ ਤੇਰੇ ਲਈ ਆਹ ਕਰ ਰਿਆ, ਮੈਂ ਤੇਰੇ ਲਈ ਓਹ ਕਰ ਰਿਆ। ਕੁਝ ਸਿਰੇ ਵੀ ਚੜ੍ਹਿਆ ਏ ਤੁਹਾਡਾ ਕੀਤਾ?"

"ਮੈਂ ਤੇਰਾ ਸਾਥ ਦੇਣ ਦੀ ਕੋਸ਼ਿਸ਼ ਤਾਂ ਕਰਦਾ ਹੀ ਰਿਹਾ ਹਾਂ ਨਾ।"

"ਆਪਣੇ ਕੋਲ ਰੱਖੋ ਆਪਣੀਆਂ ਕੋਸ਼ਿਸ਼ਾਂ। ਮੈਨੂੰ ਬਖਸ਼ ਦਿਉ। ਤੰਗ ਆ ਗਈ ਹਾਂ ਮੈਂ ਇਹ ਸਭ ਤੋਂ। ਹੋਰ ਨਹੀਂ ਮੈਂ ਝੱਲ ਸਕਦੀ। ਤੁਸੀਂ ਜਾਵੋ ਏਥੋਂ।"

"ਨਹੀਂ ਸ਼ਹਿਨਾਜ ਮੈਂ ਨਹੀਂ ਜਾਣਾ ਅੱਜ। ਜੇ ਮੈਂ ਅੱਜ ਚਲਿਆ ਗਿਆ ਮੈਂ ਜਾਣਦਾ ਤੈਨੂੰ ਉਮਰ ਭਰ ਲਈ ਗਵਾ ਦਿਆਂਗਾ। ਮੈਂ ਤੈਨੂੰ ਗਵਾਉਣਾ ਨਹੀਂ ਚਾਹੁੰਦਾ।"

"ਤੁਸੀਂ ਪਹਿਲਾਂ ਹੀ ਗਵਾ ਚੁੱਕੇ ਹੋ। ਹੁਣ ਕੁਝ ਵੀ ਬਾਕੀ ਨਹੀਂ ਬਚਿਆ। "

"ਸ਼ਹਿਨਾਜ ਏਦਾਂ ਨਾ ਕਰ। ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।"

"ਲਵ ਜਾਵੋ ਤੁਸੀਂ।"

ਸ਼ਹਿਨਾਜ ਮੈਨੂੰ ਧੱਕੇ ਮਾਰ ਗੁੱਸੇ ਵਿੱਚ ਉੱਥੋਂ ਜਾਣ ਲਈ ਕਹਿਣ ਲੱਗ ਪਈ। ਪਰ ਮੈਂ ਜਾਣਾ ਨਹੀਂ ਸੀ ਚਾਹੁੰਦਾ। ਮੈਂ ਵਾਰ-ਵਾਰ ਤਰਲੇ ਕਰ ਰਿਹਾ ਸੀ....

"ਨਹੀਂ ਸ਼ਹਿਨਾਜ ਮੈਨੂੰ ਦੂਰ ਨਾ ਕਰ ਆਪਣੇ ਤੋਂ। ਮੈਂ ਨਹੀਂ ਜਾਣਾ ਤੇਰੇ ਬਿਨਾਂ।"

"ਲਵ ਜੇ ਤੁਸੀਂ ਨਾ ਗਏ ਤਾਂ ਮੇਰਾ ਮਰੀ ਦਾ ਮੂੰਹ ਵੇਖੋਗੇ।"

"ਸ਼ਹਿਨਾਜ ਇੰਝ ਨਾ ਆਖ ਯਾਰ।"

"ਤੁਸੀਂ ਨਹੀਂ ਜਾਣਾ। ਮੈਂ ਹੀ ਜਾਂਦੀ ਹਾਂ।"

"ਸ਼ਹਿਨਾਜ ਨਾ ਜਾ ਯਾਰ।"

ਜਦੋਂ ਉਹ ਮੈਨੂੰ ਵਾਪਿਸ ਭੇਜਣ ਵਿੱਚ ਅਸਮਰਥ ਹੋ ਗਈ ਤਾਂ ਉਸਨੇ ਖੁਦ ਹੀ ਗੁੱਸੇ ਵਿੱਚ ਆਪਣੇ ਘਰ ਅੰਦਰ ਵੜ ਬੂਹਾ ਮਾਰ ਲਿਆ। ਮੈਂ ਅਜੇ ਵੀ ਬਾਹਰ ਖੜਾ ਸੀ। ਮੇਰੀ ਭੂਆ ਪੁੱਤ ਇਹ ਸਭ ਮੋਟਰਸਾਇਕਲ ਕੋਲ ਖੜਾ ਦੂਰ ਤੋਂ ਹੀ ਵੇਖ ਰਿਹਾ ਸੀ। ਉਸਨੇ ਅੰਦਰ ਜਾਣ ਪਿੱਛੋਂ ਇੱਕ ਵਾਰ ਵੀ ਮੁੜ ਨਾ ਵੇਖਿਆ। ਮੈਂ ਠੰਡ ਨਾਲ ਕੰਬ ਰਿਹਾ ਸੀ। ਮੇਰੇ ਦੰਦ ਦੰਦਾਂ ਨਾਲ ਖਹਿ ਬਾਜੀਆਂ ਕਰ ਰਹੇ ਸਨ। ਬਿਜਲੀ ਵੀ ਆਪਣਾ ਪੂਰਾ ਰੰਗ ਵਿਖਾਉਣ ਵਿੱਚ ਭੋਰਾ ਜਿੰਨੀ ਕਸਰ ਨਹੀਂ ਸੀ ਛੱਡ ਰਹੀ। ਮੇਰੇ ਹੱਥ ਵੱਸ ਕੁਝ ਨਾ ਰਿਹਾ। ਮੈਂ ਬਸ ਉਸਦੇ ਘਰ ਦੇ ਬਾਹਰ ਖੜਾ ਉਡੀਕ ਕਰ ਰਿਹਾ ਸੀ ਕਿ ਉਹ ਬਾਹਰ ਆਵੇ। ਪਰ ਉਹ ਨਾ ਆਈ। ਕਰੀਬ ਅੱਧਾ ਘੰਟਾ ਉਡੀਕ ਕਰਨ ਪਿੱਛੋਂ ਮੈਨੂੰ ਸ਼ਹਿਬਾਜ ਨੇ ਆਵਾਜ਼ ਮਾਰੀ....

"ਲਵ ਛੱਡ ਖਹਿੜਾ। ਆਜਾ ਚੱਲੀਏ ਘਰ ਨੂੰ। ਹੁਣ ਨਹੀਂ ਆਉਣਾ ਓਹਨੇ।"

ਮੈਂ ਸ਼ਹਿਬਾਜ ਦੀ ਗੱਲ ਸੁਣ ਨਿਰਾਸ਼ ਤਾਂ ਜਰੂਰ ਹੋਇਆ। ਪਰ ਉਸਦਾ ਕਿਹਾ ਸੱਚ ਸੀ। ਵਾਕਿਆ ਹੀ ਉਸਦੇ ਆਉਣ ਦੀ ਕੋਈ ਉਮੀਦ ਬਾਕੀ ਨਹੀਂ ਸੀ ਬਚੀ ਜਾਪਦੀ। ਮੈਂ ਚੁੱਪ-ਚਾਪ ਬੁੱਲਟ ਨੂੰ ਕਿੱਕ ਮਾਰੀ ਅਤੇ ਅਸੀਂ ਉੱਥੋਂ ਚੱਲ ਪਏ। ਮੀਂਹ ਦੀ ਛਿੱਟਾਂ ਗੋਲੀਆਂ ਵਾਗੂੰ ਸਾਡੇ ਮੂੰਹ ਉੱਤੇ ਵੱਜ ਰਹੀਆਂ ਸਨ। ਠੰਡ ਨਾਲ ਕੰਬਦੇ ਅਸੀਂ ਬਿਆਸ ਵੱਲ ਵਧਦੇ ਜਾ ਰਹੇ ਸੀ।

(7)

ਮੇਰੇ ਕੋਲ ਬੈਠੀ ਨਸੀਬੋ ਨੇ ਮੈਨੂੰ ਫਿਰ ਤੋਂ ਹਿਲਾਇਆ ਤਾਂ ਮੈਨੂੰ ਕੰਬਣੀ ਜਿਹੀ ਛਿੜ ਗਈ। ਦਰਿਆ ਦਾ ਵੱਗਦਾ ਠੰਡਾ ਪਾਣੀ ਅਤੇ ਵੱਗਦੀ ਠੰਡੀ ਹਵਾ ਨੇ ਮੇਰੇ ਤਨ-ਮਨ ਵਿੱਚ ਝੁੰਜਣੀ ਜਿਹੀ ਛੇੜੀ। ਮੇਰੀ ਸੁਰਤ ਵਿੱਚ ਸ਼ਹਿਨਾਜ ਦਾ ਵਾਸ ਸੀ ਅਤੇ ਮੇਰੀਆਂ ਅੱਖੀਆਂ ਸਾਹਮਣੇ ਨਸੀਬੋ ਦਾ ਖਿੜਿਆ ਚਿਹਰਾ। ਮੇਰੇ ਦਿਮਾਗ ਅੰਦਰ ਸ਼ਹਿਨਾਜ ਦੀਆਂ ਗੱਲਾਂ ਵਾਰ-ਵਾਰ ਗੂੰਜ ਰਹੀਆਂ ਸਨ.. "ਤੁਸੀਂ ਨਾ ਤਾਂ ਕਦੇ ਮੇਰੀ ਮਜਬੂਰੀ ਸਮਝੀ, ਨਾ ਹੀ ਕਦੇ ਮੇਰੇ ਪਿਆਰ ਨੂੰ ਤੇ ਨਾ ਕਦੇ ਯਕੀਨ ਰੱਖਿਆ।"... ਵਾਰ ਵਾਰ ਸ਼ਹਿਨਾਜ ਦੀ ਇੱਕ ਹੀ ਆਵਾਜ਼ ਗੂੰਜ ਰਹੀ ਸੀ... "ਤੁਸੀਂ ਨਾ ਤਾਂ ਕਦੇ ਮੇਰੀ ਮਜਬੂਰੀ ਸਮਝੀ, ਨਾ ਹੀ ਕਦੇ ਮੇਰੇ ਪਿਆਰ ਨੂੰ ਤੇ ਨਾ ਕਦੇ ਯਕੀਨ ਰੱਖਿਆ।"..... "ਤੁਸੀਂ ਨਾ ਤਾਂ ਕਦੇ ਮੇਰੀ

ਮਜਬੂਰੀ ਸਮਝੀ, ਨਾ ਹੀ ਕਦੇ ਮੇਰੇ ਪਿਆਰ ਨੂੰ ਤੇ ਨਾ ਕਦੇ ਯਕੀਨ ਰੱਖਿਆ।"... ਮੈਨੂੰ ਫਿਰ ਤੋਂ ਨਸੀਬੋ ਨੇ ਹਿਲਾਇਆ ਅਤੇ ਕਿਹਾ..

"ਜਨਾਬ..... ਜਨਾਬ ਜੀ.... ਕਿੱਥੇ ਗਵਾਚ ਗਏ ਹੋ?"

ਨਸੀਬੋ ਦੇ ਹਿਲਾਉਣ ਨਾਲ ਮੇਰੀ ਸੁਰਤ ਟਿਕਾਣੇ ਉੱਤੇ ਆਈ ਅਤੇ ਮੈਂ ਨਸੀਬੋ ਦੇ ਅਤਿ ਖੂਬਸੂਰਤ ਮੁੱਖ ਨੂੰ ਵੇਖਣ ਲੱਗ ਪਿਆ। ਉਹ ਫਿਰ ਤੋਂ ਬੋਲੀ..

"ਲੱਗਦਾ ਤੁਸੀਂ ਆਪਣੇ ਸਵਾਲਾਂ ਦੇ ਜੁਆਬਾਂ ਵਿੱਚ ਹੀ ਉਲਝੀ ਜਾ ਰਹੇ ਹੋ।"

"ਹਾਂ ਸ਼ਾਇਦ, ਬੀਤਿਆ ਸਮਾਂ ਸੁਰਤ ਨੂੰ ਉਲਝਾ ਹੀ ਦੇਂਦਾ ਹੈ। ਬੀਤੇ ਸਮੇਂ ਦੇ ਸਵਾਲਾਂ ਦੇ ਜੁਆਬ ਜਦੋਂ ਵਕਤ ਲੰਘ ਜਾਣ ਤੇ ਮਿਲਦੇ ਨੇ ਤਾਂ ਪਛਤਾਵਾ ਬਹੁਤ ਹੁੰਦਾ ਹੈ।"

"ਜੇ ਪਛਤਾਉਣਾ ਹੀ ਹੈ ਜੁਆਬ ਮਿਲਣ ਤੇ, ਤਾਂ ਸਵਾਲ ਬੰਦ ਕਰ ਦਿਉ।"

"ਨਹੀਂ-ਨਹੀਂ ਜੁਆਬ ਭਾਵੇਂ ਪੀੜ ਦੇਣ ਜਾਂ ਪਛਤਾਵਾ, ਹਾਸਲ ਜਰੂਰ ਕਰਨੇ ਚਾਹੀਦੇ ਨੇ।"

"ਹਾਂਜੀ ਬਿਲਕੁਲ। ਉਂਝ ਹੈ ਕੋਈ ਸਵਾਲ ਹੋਰ ਕਿ ਖਤਮ ਹੋ ਗਏ?

ਨਸੀਬੋ ਦੇ ਸਵਾਲ ਬਾਰੇ ਜ਼ਿਕਰ ਕਰਨ ਤੇ ਮੇਰਾ ਧਿਆਨ ਸ਼ਹਿਨਾਜ ਦੀ ਗੱਲ ਤਰਫ ਹੋਇਆ ਜੋ ਉਹ ਅਕਸਰ ਵਿਸ਼ਵਾਸ਼ ਨਾ ਹੋਣ ਬਾਰੇ ਆਖਦੀ ਸੀ। ਵਿਸ਼ਵਾਸ। ਨਸੀਬੋ ਨੇ ਵੀ ਪਹਿਲਾਂ ਇਸ ਦਾ ਜ਼ਿਕਰ ਕੀਤਾ ਸੀ। ਪਰ ਮਜਬੂਰੀ ਵੱਲ ਧਿਆਨ ਹੋਣ ਕਰਕੇ ਮੇਰੇ ਦਿਮਾਗ ਵਿੱਚੋਂ ਇਸ ਬਾਰੇ ਵਿਚਾਰ ਨਿਕਲ ਹੀ ਗਈ। ਉਸਨੇ ਆਪਣੇ ਆਪ ਹੀ ਮੇਰੇ ਮਨ ਵਿਚਲੇ ਤੰਦ ਨੂੰ ਪਛਾਣ ਗੱਲ ਕਰ ਦਿੱਤੀ ਅਤੇ ਭਰੋਸੇ ਵੱਲ ਧਿਆਨ ਲਗਾ ਦਿੱਤਾ। ਮੈਂ ਪੁੱਛਿਆ..

"ਕੀ ਹੈ ਭਰੋਸਾ?"

"ਜਦੋਂ ਕੋਈ ਅੱਖਾਂ ਬੰਦ ਕਰਕੇ ਤੁਹਾਡੇ ਫੈਸਲਿਆਂ ਉੱਤੇ ਕੋਈ ਕਿੰਤੂ-ਪਰੰਤੂ ਨਾ ਕਰੇ। ਤੁਹਾਡੇ ਮਨ ਵਿੱਚ ਇਹ ਵਿਚਾਰ ਨਾ ਆਵੇ ਕਿ ਉਸ ਦਾ ਲਿਆ ਫੈਸਲਾ ਤੁਹਾਡੇ ਲਈ ਗਲਤ ਹੋਵੇਗਾ। ਭਾਵੇਂ ਉਸਦਾ ਲਿਆ ਫੈਸਲਾ ਅੱਗੇ ਚੱਲ ਗਲਤ ਹੋਵੇ ਜਾਂ ਠੀਕ। ਪਰ ਤੁਹਾਨੂੰ ਕੋਈ ਫਰਕ ਨਾ ਪੈਂਦਾ ਹੋਵੇ। ਤੁਸੀਂ ਆਪਣੀ ਹਰ ਇੱਛਾ ਉਸਦੇ ਫੈਸਲੇ ਤੇ

ਨਿਰਭਰ ਕੀਤੀ ਹੋਵੇ। ਉਸਨੂੰ ਆਖਦੇ ਨੇ ਯਕੀਨ। ਜਦੋਂ ਅਸੀਂ ਆਪਣੇ ਫਾਇਦੇ ਨੁਕਸਾਨ ਬਾਰੇ ਸੋਚਣ ਦਾ ਹੱਕ ਕਿਸੇ ਦੂਸਰੇ ਨੂੰ ਦਿੱਤਾ ਹੋਵੇ। ਸਾਨੂੰ ਪਰਵਾਹ ਨਾ ਹੋਵੇ ਨਤੀਜਿਆਂ ਦੀ। ਸਾਨੂੰ ਉਸ ਉੱਪਰ ਮਾਨ ਹੋਵੇ। ਉਸ ਭਾਵਨਾ ਨੂੰ ਆਪਾਂ ਵਿਸ਼ਵਾਸ ਕਹਿ ਸਕਦੇ ਹਾਂ।"

"ਹਾਂਜੀ ਠੀਕ ਹੈ, ਮੈਂ ਸੁਣ ਲਿਆ ਪਰ ਅਜੇ ਦਿਮਾਗ ਵਿੱਚ ਗੱਲ ਬੈਠੀ ਨਹੀਂ।"

"ਦੇਖੋ ਜਦੋਂ ਅਸੀਂ ਬਿਨਾਂ ਕੁਝ ਸੋਚੇ ਸਮਝੇ ਆਪਣੇ ਮਨ ਦੀ ਹਰ ਗੱਲ ਕਿਸੇ ਨੂੰ ਆਖਦੇ ਹਾਂ। ਉਹ ਭਾਵੇਂ ਚੰਗੀ ਗੱਲ ਹੋਵੇ ਜਾਂ ਮਾੜੀ ਬਿਨਾਂ ਕੋਈ ਪਰਵਾਹ ਕੀਤੇ ਕਿ ਉਹ ਇਸ ਗੱਲ ਉੱਪਰ ਕਿਵੇਂ ਦਾ ਵਰਤਾਵ ਦਿਖਾਵੇਗਾ। ਅਸੀਂ ਬਸ ਆਖ ਦੇਣਾ ਠੀਕ ਸਮਝੀਏ। ਸਾਨੂੰ ਆਪਣੇ ਮਨ ਦੀ ਗੱਲ ਕਰਨ ਲਈ ਸੋਚ-ਵਿਚਾਰ ਨਾ ਕਰਨੀ ਪਵੇ ਅਸੀਂ ਬਸ ਆਖ ਦੇਈਏ। ਇਸਨੂੰ ਵੀ ਅਸੀਂ ਦੂਸਰੇ ਤੇ ਆਪਣਾ ਯਕੀਨ ਕਹਿ ਸਕਦੇ ਹਾਂ। ਕਿਉਂਕਿ ਅਸੀਂ ਜਾਣਦੇ ਹਾਂ ਕਿ ਉਹ ਸਾਡੀ ਹਰ ਚੰਗੀ ਮਾੜੀ ਗੱਲ ਨੂੰ ਧਿਆਨ ਨਾਲ ਸੁਣੇਗਾ। ਸਾਡੀ ਹਰ ਨਾ ਫਰਮਾਨੀ ਬਰਦਾਸ਼ਿਤ ਕਰੇਗਾ। ਸਾਡਾ ਗੁੱਸਾ, ਸਾਡੇ ਰੋਸੇ, ਸਾਡਾ ਪਿਆਰ ਹਰ ਇੱਕ ਉਹ ਕਬੂਲ ਕਰਦਾ ਹੋਵੇਗਾ। ਸਾਨੂੰ ਇਸ ਗੱਲ ਦਾ ਪਤਾ ਹੋਵੇ ਕਿ ਸਾਡੀ ਕਿਸੇ ਤਰ੍ਹਾਂ ਦੀ ਗੱਲ ਨਾਲ ਵੀ ਉਸ ਨਾਲ ਸਾਡੇ ਰਿਸ਼ਤੇ ਵਿੱਚ ਕਦੇ ਤ੍ਰੇੜ ਨਹੀਂ ਆਵੇਗੀ। ਇਹ ਵੀ ਭਰੋਸਾ ਹੀ ਹੈ। ਕਿਉਂਕਿ ਜਿਸਤੇ ਅਸੀਂ ਭਰੋਸਾ ਨਾ ਕਰਦੇ ਹੋਈਏ ਉਸਨੂੰ ਆਪਣੇ ਦਿਲ ਦੀ ਗੱਲ ਕਰਨੀ ਤਾਂ ਦੂਰ ਅਸੀਂ ਬੁਲਾਉਣਾ ਵੀ ਯੋਗ ਨਹੀਂ ਸਮਝਦੇ।"

"ਹਾਂਜੀ ਇਹ ਤਾਂ ਠੀਕ ਮਨ ਲਿਆ ਭਰੋਸਾ ਹੈ। ਪਰ ਕਈ ਦਫਾ ਇੰਝ ਹੁੰਦਾ ਕਿ ਅਸੀਂ ਕਿਸੇ ਤੇ ਭਰੋਸਾ ਕਰਦੇ ਹਾਂ ਪਰ ਉਹ ਸਾਡੀ ਭਾਵਨਾ ਨੂੰ ਸਮਝਦਾ ਹੀ ਨਾ ਹੋਵੇ। ਮਤਲਬ ਉਸਨੂੰ ਵੀ ਸਾਡੇ ਤੇ ਯਕੀਨ ਹੈ ਪਰ ਕਿਸੇ ਵਜ੍ਹਾ ਕਰਕੇ ਉਹ ਹਾਲਾਤ ਨੂੰ ਨਾ ਸਮਝ ਪਾਵੇ ਫਿਰ?

"ਜਿੱਥੇ ਗੱਲ ਤੁਹਾਨੂੰ ਸਮਝਣ ਦੀ ਆਉਂਦੀ ਹੈ। ਉੱਥੇ ਹੀ ਵਿਸ਼ਵਾਸ਼ ਉਸ ਸਿੱਕੇ ਦਾ ਦੂਸਰਾ ਪਹਿਲੂ ਹੈ। ਤੁਹਾਨੂੰ ਸਮਝਣਾ ਹੀ ਵਿਸ਼ਵਾਸ਼ ਹੈ। ਅਗਰ ਕੋਈ ਤੁਹਾਨੂੰ ਸਮਝ ਹੀ ਨਹੀਂ ਰਿਹਾ ਇਸਦਾ ਮਤਲਬ ਭਰੋਸਾ ਹੈ ਹੀ ਨਹੀਂ। ਬਸ ਨਾਲ ਹੋਣ ਦਾ ਦਿਖਾਵਾ ਹੈ।"

"ਹਾਂਜੀ ਇਹ ਤਾਂ ਸਹੀ ਕਿਹਾ। ਪਰ ਕਈ ਵਾਰ ਮਨ ਵਿੱਚ ਡਰ ਹੁੰਦਾ ਕੋਈ ਗੱਲ ਦੱਸਣ ਵੇਲੇ ਕਿ ਕਿਤੇ ਬੁਰਾ ਨਾ ਮੰਨ ਜਾਵੇ। ਫਿਰ ਮੁਆਫੀ ਮੰਗਣੀ ਪੈਂਦੀ ਹੈ। ਯਕੀਨ ਤਾਂ ਹੈ ਪਰ ਨਾਲ ਡਰ ਵੀ ਹੈ। ਡਰ ਦਾ ਹੋਣਾ ਤਾਂ ਸੁਭਾਵਿਕ ਹੈ।"

ਉਹ ਮੇਰੀ ਗੱਲ ਸੁਣਦੇ ਹੀ ਹੱਸਦੇ ਹੋਏ ਬੋਲੀ...

"ਗੱਲਾਂ ਯਕੀਨ ਦੀਆਂ ਕਰਦੇ ਹੋ ਤੇ ਮਨ ਵਿੱਚ ਡਰ ਬਿਠਾਈ ਬੈਠੇ ਹੋ। ਅਗਰ ਯਕੀਨ ਹੈ ਤਾਂ ਡਰ ਕਿਸ ਗੱਲ ਦਾ? ਮੁਆਫੀ ਕਿਸ ਗੱਲ ਦੀ? ਅਗਰ ਤੁਹਾਨੂੰ ਉਸ ਇਨਸਾਨ ਨੂੰ ਆਪਣੀ ਦਿਲ ਦੀ ਗੱਲ ਕਹਿਣ ਪਿੱਛੋਂ ਵੀ ਮੁਆਫੀ ਮੰਗਣੀ ਪਵੇ ਜਿਸਤੇ ਤੁਸੀਂ ਸਭ ਤੋਂ ਵੱਧ ਭਰੋਸਾ ਕਰਦੇ ਹੋ। ਫਿਰ ਭਰੋਸਾ ਤਾਂ ਉੱਥੇ ਥਿੜਕ ਗਿਆ। ਤੁਹਾਡੇ ਵਿੱਚ ਭਰੋਸਾ ਹੈ ਹੀ ਨਹੀਂ। ਬਸ ਸ਼ਬਦਾਂ ਵਿੱਚ ਹੈ ਪਰ ਮਨ ਵਿੱਚ ਨਹੀਂ ਬਿਠਾਇਆ ਹੋਵੂ।"

ਅਸੀਂ ਯਕੀਨ ਰੱਖਣ ਬਾਰੇ ਵਿਚਾਰ ਕਰ ਰਹੇ ਸੀ। ਮੈਂ ਆਪਣੇ ਮਨ ਦੀ ਅਵਸਥਾ ਦੇ ਅਧਾਰ ਉੱਤੇ ਆਪਣੀਆਂ ਦਲੀਲਾਂ ਦੇ ਰਿਹਾ ਸੀ। ਕਿਉਂਕਿ ਮੈਨੂੰ ਆਪਣੇ ਆਪ ਉੱਤੇ ਵੀ ਪੂਰਨ ਯਕੀਨ ਸੀ ਕਿ ਮੈਂ ਆਪਣੇ ਮਹਿਬੂਬ ਉੱਪਰ ਖੁਦ ਨਾਲੋਂ ਵੀ ਜਿਆਦਾ ਵਿਸ਼ਵਾਸ ਰੱਖਦਾ ਹਾਂ। ਪਰ ਇਸ ਨਸੀਬੋ ਨਾਂਅ ਦੇ ਰੱਬ ਨੇ ਮੇਰੇ ਭਰੋਸੇ ਨੂੰ ਖਾਰਜ ਕਰ ਦਿੱਤਾ ਸੀ। ਮੇਰੇ ਕੋਲ ਹੋਰ ਕੋਈ ਦਲੀਲ ਬਾਕੀ ਨਹੀਂ ਸੀ ਆਪਣੇ ਭਰੋਸੇ ਨੂੰ ਸਹੀ ਸਾਬਤ ਕਰਨ ਲਈ। ਇਸ ਲਈ ਮੈਂ ਉਸਦਾ ਜੁਆਬ ਸੁਣ ਕੁਝ ਦੇਰ ਚੁੱਪ ਹੋ ਗਿਆ। ਮੈਨੂੰ ਚੁੱਪ ਦੇਖ ਉਹ ਬੋਲੀ..

"ਦੇਖੋ ਯਕੀਨ ਕਦੇ ਵੀ ਕਹਿਣ ਨਾਲ ਨਹੀਂ ਹੁੰਦਾ। ਇਹ ਨਹੀਂ ਕਿ ਅਸੀਂ ਕਿਸੇ ਨੂੰ ਕਹਿ ਦੇਈਏ ਕਿ ਮੈਨੂੰ ਤੇਰੇ ਉੱਤੇ ਬਹੁਤ ਯਕੀਨ ਹੈ ਪਰ ਮਨ ਵਿੱਚ ਉਸਦੇ ਫੈਸਲਿਆਂ ਤੇ ਸ਼ੰਕੇ ਕਰੀਏ। ਉਸ ਨਾਲ ਸਵਾਲ-ਜੁਆਬ ਕਰੀਏ। ਕਹਿਣ ਨਾਲ ਨਾ ਤਾਂ ਯਕੀਨ ਦੱਸਿਆ ਜਾ ਸਕਦਾ ਹੈ, ਨਾ ਜਤਾਇਆ ਜਾ ਸਕਦਾ ਹੈ ਤੇ ਨਾ ਹੀ ਬਣਾਇਆ ਜਾ ਸਕਦਾ ਹੈ। ਨਹੀਂ ਤਾਂ ਇੰਝ ਕੋਈ ਵੀ ਕਹਿ ਦੇਵੇਗਾ ਕਿ ਮੈਨੂੰ ਤੇਰੇ ਉੱਤੇ ਬਹੁਤ ਯਕੀਨ ਹੈ।"

"ਫਿਰ ਯਕੀਨ ਬਣਾਇਆ ਕਿਵੇਂ ਜਾਵੇ?"

"ਯਕੀਨ ਬਣਾਉਣ ਲਈ ਕਿਸੇ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਉਸਦੇ ਨੇੜੇ ਹੋਣਾ ਚਾਹੀਦਾ ਹੈ। ਉਸਦੀ ਹਰ ਗੱਲ ਲਈ ਪਰਵਾਹ ਕਰਨੀ ਚਾਹੀਦੀ ਹੈ। ਉਸਦਾ ਚੰਗਾ ਮਾੜਾ ਉਸ ਨਾਲੋਂ ਵੀ ਪਹਿਲਾਂ ਸੋਚਣਾ ਚਾਹੀਦਾ ਹੈ।"

"ਪਰ ਜੇ ਕੋਈ ਆਪਣੇ ਨੇੜੇ ਹੀ ਨਾ ਆਉਣ ਦੇਵੇ ਫਿਰ ਯਕੀਨ ਕਿਵੇਂ ਬਣਾਈਏ?"

ਉਸਨੇ ਮੇਰੀ ਗੱਲ ਨੂੰ ਹਾਸੇ ਵਿੱਚ ਲੈਂਦੇ ਹੋਏ ਆਖਿਆ...

"ਫਿਰ ਤੁਹਾਨੂੰ ਕੀ ਲੋੜ ਤੁਸੀਂ ਵੀ ਪਿੱਛੇ ਹੱਟ ਜਾਵੋ।"

"ਮੈਂ ਮਜਾਕ ਨਹੀਂ ਕਰ ਰਿਹਾ ਹੱਲ ਪੁੱਛਦਾ ਇਸਦਾ।"

"ਯਕੀਨ ਬਣਾਉਣ ਲਈ ਕਿਸੇ ਦੇ ਨੇੜੇ ਹੋਣਾ ਜਰੂਰੀ ਹੈ। ਪਰ ਅਸੀਂ ਦੂਰ ਰਹਿ ਵੀ ਉਹਨਾਂ ਦੀ ਪਰਵਾਹ ਕਰ ਸਕਦੇ ਹਾਂ। ਉਹਨਾਂ ਦਾ ਖਿਆਲ ਰੱਖ ਸਕਦੇ ਹਾਂ। ਉਹਨਾਂ ਨੂੰ ਕੀ ਚੰਗਾ ਲੱਗਦਾ ਹੈ, ਕੀ ਨਹੀਂ, ਇਹਨਾਂ ਚੀਜ਼ਾਂ ਦਾ ਧਿਆਨ ਰੱਖਦੇ ਦੂਰ ਤੋਂ ਵੀ ਸਬਰ ਰੱਖ ਉਹਨਾਂ ਤੇ ਭਰੋਸਾ ਬਣਾਉਣ ਦਾ ਯਤਨ ਕਰ ਸਕਦੇ ਹਾਂ।"

"ਕੀ ਯਕੀਨ ਕਰਨ ਦੀ ਕੋਈ ਹੱਦ ਜਾਂ ਸੀਮਾ ਹੈ?"

"ਜਦੋਂ ਭਰੋਸਾ ਹੀ ਹੋ ਗਿਆ ਫਿਰ ਹੱਦ ਕਿਵੇਂ ਦੀ? ਭਰੋਸੇ ਦਾ ਮਤਲਬ ਹੈ ਕਿਸੇ ਤਰ੍ਹਾਂ ਦੇ ਵੀ ਫੈਸਲੇ ਲਈ ਉਂਗਲ ਨਾ ਚੁੱਕਣਾ। ਬਸ ਮਨ ਵਿੱਚ ਚੰਗੇ ਦੀ ਆਸ ਰੱਖਣੀ। ਜਦੋਂ ਭਰੋਸਾ ਹੋਵੇ ਫਿਰ ਅਸੀਂ ਇਹ ਨਹੀਂ ਸੋਚਦੇ ਕਿ ਅਸੀਂ ਉਸਨੂੰ ਕਿਹੜੀ ਗੱਲ ਦੱਸਣੀ ਹੈ ਜਾਂ ਨਹੀਂ ਦੱਸਣੀ। ਅਸੀਂ ਬਸ ਆਪਣੇ ਮਨ ਆਈ ਹਰ ਗੱਲ ਆਖ ਦੇਂਦੇ ਹਾਂ। ਵਿਸ਼ਵਾਸ ਦੀ ਕੋਈ ਹੱਦ ਹੀ ਨਹੀਂ ਜਦੋਂ ਕਿਸੇ ਤੇ ਹੋ ਜਾਵੇ। "

"ਪਰ ਜਦੋਂ ਯਕੀਨ ਟੁੱਟੇ ਫਿਰ ਤਾਂ ਇਨਸਾਨ ਸੋਚਦਾ ਹੀ ਹੈ ਕਿ ਅਗਰ ਹੱਦ ਵਿੱਚ ਰਹਿੰਦਾ ਤਾਂ ਚੰਗਾ ਹੁੰਦਾ।"

"ਫਿਰ ਉਹ ਇਨਸਾਨ ਵਿਸ਼ਵਾਸ ਕਰਨ ਦੇ ਕਾਬਿਲ ਹੀ ਨਹੀਂ ਸੀ ਜਿਸਤੇ ਤੁਸੀਂ ਭਰੋਸਾ ਕੀਤਾ ਹੋਵੂ। ਜਾਂ ਫਿਰ ਇਹ ਹੋ ਸਕਦਾ ਤੁਹਾਨੂੰ ਤਾਂ ਉਸਤੇ ਯਕੀਨ ਹੋਵੂ ਪਰ ਉਸਨੂੰ ਤੁਹਾਡੇ ਉੱਪਰ ਯਕੀਨ ਨਹੀਂ। ਅਗਰ ਉਸਨੂੰ ਤੁਹਾਡੇ ਤੇ ਯਕੀਨ ਨਹੀਂ ਤਾਂ ਫਿਰ ਉਹ ਪਰਵਾਹ ਨਹੀਂ ਕਰੇਗਾ, ਉਸਨੂੰ ਕੋਈ ਫਰਕ ਨਹੀਂ ਪਵੇਗਾ ਕਿ ਤੁਸੀਂ ਉਸ ਉੱਪਰ ਕਿੰਨਾ ਯਕੀਨ ਰੱਖਦੇ ਹੋ।"

"ਫਿਰ ਕੀ ਕਰਨਾ ਚਾਹੀਦਾ। ਜਦੋਂ ਅਸੀਂ ਕਿਸੇ ਤੇ ਭਰੋਸਾ ਕਰਦੇ ਹੋਈਏ ਪਰ ਉਹ ਸਾਡੇ  ਉੱਪਰ ਨਾ ਕਰਦਾ ਹੋਵੇ?"

"ਜਦੋਂ ਕੋਈ ਸਾਡੇ ਤੇ ਭਰੋਸਾ ਨਹੀਂ ਰੱਖ ਰਿਹਾ ਤਾਂ ਫਿਰ ਉਸਨੂੰ ਉਸਦੇ ਹਾਲ ਤੇ ਛੱਡ ਦਿਉ। ਤੁਹਾਡੇ ਹੱਥ ਵੱਸ ਕੁਝ ਖਾਸ ਬਾਕੀ ਨਹੀਂ ਹੈ। ਤੁਸੀਂ ਯਕੀਨ ਰੱਖ ਰਹੇ ਹੋ

ਠੀਕ ਹੈ ਪਰ ਬਦਲੇ ਵਿੱਚ ਉਹ ਤੁਹਾਡੇ ਤੇ ਯਕੀਨ ਰੱਖੇ ਇਹ ਉਸਦੀ ਮਰਜੀ ਹੈ। ਉਸਦੀ ਇੱਛਾ ਹੋਵੂ ਤਾਂ ਉਹ ਯਕੀਨ ਕਰੂ, ਉਸਨੂੰ ਤੁਸੀਂ ਯਕੀਨ ਕਰਨ ਦੇ ਕਾਬਿਲ ਲੱਗੇ ਤਾਂ ਉਹ ਯਕੀਨ ਕਰੂ ਨਹੀਂ ਤਾਂ ਨਹੀਂ। ਹਾਂ ਇਹ ਵੀ ਹੋ ਸਕਦਾ ਕਿ ਉਸਦਾ ਨਜ਼ਰੀਆ ਅਲੱਗ ਹੋਵੇ ਕਿ ਜਿਵੇਂ ਤੁਸੀਂ ਉਸਨੂੰ ਦੇਖਦੇ ਹੋ ਉਹ ਤੁਹਾਨੂੰ ਉਸ ਨਜ਼ਰ ਨਾਲ ਨਾ ਦੇਖਦਾ ਹੋਵੇ। ਹਰ ਇੱਕ ਦੀਆਂ ਆਪਣੀਆਂ ਸਿਮਾਵਾਂ ਵੀ ਹੋ ਸਕਦੀਆਂ ਨੇ। ਤੁਸੀਂ ਜਬਰਦਸਤੀ ਤਾਂ ਭਰੋਸਾ ਨਹੀਂ ਬਣਾ ਸਕਦੇ ਕਿਸੇ ਦਾ ਖੁਦ ਉੱਪਰ। ਨਾ ਹੀ ਕਿਸੇ ਨੂੰ ਭਰੋਸਾ ਰੱਖਣ ਲਈ ਬੰਨ੍ਹ ਸਕਦੇ ਹੋ।"

"ਹਾਂਜੀ ਸਮਝ ਗਿਆ। ਪਰ ਕੋਈ ਰਾਹ ਤਾਂ ਜਰੂਰ ਹੋਵੇਗਾ ਜਿਸ ਨਾਲ ਉਸਨੂੰ ਅਹਿਸਾਸ ਕਰਵਾਇਆ ਜਾ ਸਕੇ?"

"ਜੇ ਸਾਹਮਣੇ ਵਾਲਾ ਰਾਹ ਦੇਣਾ ਹੀ ਨਾ ਚਾਹੁੰਦਾ ਹੋਵੇ ਤਾਂ ਫਿਰ? ਇਹ ਸਾਡੀ ਇੱਛਾ ਨਾਲ ਨਹੀਂ ਹੋ ਸਕਦਾ। ਇਹ ਉਸਦੀ ਮਰਜੀ ਤੇ ਨਿਰਭਰ ਕਰੇਗਾ। ਉਸਦੀ ਮਰਜੀ ਹੋਵੇਗੀ ਤਾਂ ਉਹ ਅੱਗੇ ਵਧੇਗਾ ਨਹੀਂ ਤਾਂ ਨਹੀਂ।"

"ਫਿਰ ਕੀ ਅਸੀਂ ਕੁਝ ਨਹੀਂ ਕਰ ਸਕਦੇ ਯਕੀਨ ਹਾਸਲ ਕਰਨ ਲਈ ਕਿਸੇ ਦਾ?"

"ਤੁਸੀਂ ਬਸ ਉਸ ਲਈ ਸਹੀ ਕਾਰਜ ਕਰ ਸਕਦੇ ਹੋ। ਉਸਦਾ ਚੰਗਾ ਮਾੜਾ ਸੋਚ ਸਕਦੇ ਹੋ। ਉਮੀਦ ਰੱਖ ਸਕਦੇ ਹੋ। ਸਬਰ ਕਰ ਸਕਦੇ ਹੋ। ਯਤਨ ਕਰ ਸਕੇ ਹੋ। ਤੇ ਕੋਸ਼ਿਸ਼ ਕਰ ਸਕਦੇ ਹੋ ਤੁਹਾਡਾ ਆਪਣਾ ਯਕੀਨ ਕਦੇ ਨਾ ਥਿੜਕੇ। ਪਰ ਜਦੋਂ ਸਾਹਮਣੇ ਵਾਲਾ ਤੁਹਾਡੇ ਤੇ ਯਕੀਨ ਨਹੀਂ ਕਰੇਗਾ। ਤਾਂ ਤੁਹਾਡਾ ਵਿਸ਼ਵਾਸ ਵੀ ਬਹੁਤੀ ਦੇਰ ਟਿਕਿਆ ਨਹੀਂ ਰਹਿ ਸਕਦਾ। ਤੁਹਾਡਾ ਵਿਸ਼ਵਾਸ ਵੀ ਡੋਲ ਜਾਵੇਗਾ।"

"ਨਹੀਂ ਮੈਨੂੰ ਤਾਂ ਨਹੀਂ ਲੱਗਦਾ। ਜਦੋਂ ਮੈਂ ਪੱਕਾ ਇਰਾਦਾ ਬਣਾਇਆ ਹੋਵੂ ਕਿ ਵਿਸ਼ਵਾਸ ਬਣਾਈ ਰੱਖਣਾ ਹੈ। ਫਿਰ ਕਿਵੇਂ ਮੇਰਾ ਉਸਤੋਂ ਵਿਸ਼ਵਾਸ ਟੁੱਟੇਗਾ?"

"ਜੇ ਇਨਸਾਨ ਉੱਤੇ ਉਮੀਦ ਤੋਂ ਵੱਧ ਵਿਸ਼ਵਾਸ ਕਰੋਗੇ ਜਾਂ ਉਮੀਦ ਰੱਖੋਗੇ ਤਾਂ ਵਕਤ ਦੀ ਛੱਲ ਹੇਠ ਉਹ ਆਪਣੀ ਥਾਂ ਤੋਂ ਖਿਸਕੇਗੀ ਜਰੂਰ। ਇਸ ਜੱਗ ਅੰਦਰ ਕਿਸੇ ਵੀ ਇਨਸਾਨ ਦਾ ਦੂਸਰੇ ਇਨਸਾਨ ਪ੍ਰਤੀ ਵਿਸ਼ਵਾਸ ਸਦਾ ਲਈ ਟਿਕਿਆ ਨਹੀਂ ਰਹਿ ਸਕਦਾ। ਉਹ ਕਿਸੇ ਨਾ ਕਿਸੇ ਕਾਰਨ ਥਿੜਕਦਾ ਜਰੂਰ ਹੈ। ਫਿਰ ਭਾਵੇਂ ਚੋਟ ਖਾਣ ਪਿੱਛੋਂ ਇਸ ਗੱਲ ਦਾ ਅਹਿਸਾਸ ਹੋਵੇ। ਪਰ ਇਨਸਾਨ ਦਾ ਇਨਸਾਨ ਪ੍ਰਤੀ ਵਿਸ਼ਵਾਸ ਕਦੇ

ਅਟੁੱਟ ਨਹੀਂ ਰਹਿ ਪਾਉਂਦਾ। ਹਰ ਵਿਸ਼ਵਾਸ ਦੀ ਇੱਕ ਮਿਆਦ ਹੁੰਦੀ ਹੈ। ਸਿਵਾਏ ਰੱਬ ਉੱਪਰ ਵਿਸ਼ਵਾਸ ਤੋਂ।"

"ਹਾਂਜੀ ਸਹੀ ਕਿਹਾ ਤੁਸੀਂ।"

ਅਸੀਂ ਵਿਸ਼ਵਾਸ ਉੱਤੇ ਬਹੁਤ ਗੰਭੀਰ ਸੋਚ ਵਿਚਾਰ ਕਰ ਚੁੱਕੇ ਸੀ। ਉਸਦੇ ਜੁਆਬਾਂ ਕਾਰਨ ਮੇਰੇ ਆਪਣੇ ਅੰਦਰ ਕਈ ਤਰ੍ਹਾਂ ਦੀਆਂ ਚੀਜ਼ਾਂ ਮੁਕੰਮਲ ਹੋਈਆਂ ਜਾਪ ਰਹੀਆਂ ਸਨ। ਮੈਂ ਚੁੱਪ ਸੀ ਤਾਂ ਸੋਚਦੇ-ਸੋਚਦੇ ਮਨ ਵਿੱਚ ਵਿਚਾਰ ਆਈ ਅਤੇ ਮੈਂ ਪੁੱਛਿਆ..

"ਕੀ ਕੋਈ ਕਾਰਨ ਹੋ ਸਕਦਾ ਹੈ ਕਿ ਅਸੀਂ ਕਿਸੇ ਤੇ ਬੇਹੱਦ ਯਕੀਨ ਕਰ ਰਹੇ ਹਾਂ ਪਰ ਉਹ ਨਹੀਂ ਕਰ ਰਿਹਾ?"

"ਹਾਂਜੀ ਮੈਂ ਪਹਿਲਾਂ ਵੀ ਕਿਹਾ ਸੀ ਕਿ ਸਮਝ ਹੀ ਵਿਸ਼ਵਾਸ ਹੈ। ਜਦੋਂ ਤੱਕ ਕੋਈ ਕਿਸੇ ਨੂੰ ਸਮਝਣਾ ਹੀ ਨਹੀਂ ਚਾਹੇਗਾ। ਤਦ ਤੱਕ ਵਿਸ਼ਵਾਸ ਦੀ ਕੋਈ ਥਾਂ ਨਹੀਂ ਹੈ। ਤੇ ਵਿਸ਼ਵਾਸ ਬਣਾਉਣ ਲਈ ਜਾਂ ਰੱਖਣ ਲਈ ਕਿਸੇ ਦੀ ਆਪਣੀ ਮਰਜੀ ਦਾ ਹੋਣਾ ਸਭ ਤੋਂ ਜਰੂਰੀ ਹੈ। ਜਬਰਦਸਤੀ ਕਿਸੇ ਨੂੰ ਵਿਸ਼ਵਾਸ਼ ਬਣਾਉਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਹਾਂ ਨਾ ਸਮਝਣਾ ਕਿਸੇ ਦੀ ਮਜਬੂਰੀ ਵੀ ਹੋ ਸਕਦੀ ਹੈ। ਪਰ ਕਈ ਵਾਰ ਕਿਸੇ ਨੂੰ ਸਮਝਣ ਲਈ ਮਜਬੂਰ ਵੀ ਹੋਣਾ ਪੈਂਦਾ ਹੈ ਫਿਰ ਸਾਡਾ ਮਨ ਹੋਵੇ ਨਾ ਹੋਵੇ ਇਹ ਗੱਲ ਮਾਇਨੇ ਨਹੀਂ ਰੱਖਦੀ। ਉਹ ਹਾਲਤਾਂ ਤੇ ਨਿਰਭਰ ਕਰਦਾ ਹੈ? ਪਰ ਉੱਥੇ ਵੀ ਮਰਜੀ ਸਾਡੀ ਹੀ ਹੁੰਦੀ ਹੈ ਮਜਬੂਰ ਹੋਣ ਲਈ।"

"ਐਸਾ ਕੀ ਹੋ ਸਕਦਾ ਕਿ ਕਿਸੇ ਨੂੰ ਸਮਝਣ ਲਈ ਸਾਨੂੰ ਮਜਬੂਰ ਵੀ ਹੋਣਾ ਪਵੇ?"

"ਮਨ ਲਵੋ ਕੋਈ ਲੰਮੇ ਵਕਤ ਤੋਂ ਤੁਹਾਨੂੰ ਜਾਣਦਾ ਹੈ। ਤੁਹਾਨੂੰ ਆਪਣੇ ਅਹਿਸਾਸਾਂ ਬਾਰੇ ਦੱਸਦਾ ਹੈ। ਪਰ ਤੁਹਾਡਾ ਉਸ ਉੱਪਰ ਯਕੀਨ ਨਹੀਂ ਹੈ। ਫਿਰ ਅਚਾਨਕ ਹੀ ਤੁਹਾਡਾ ਕਿਸੇ ਅਣਜਾਣ ਨਾਲ ਰਿਸ਼ਤਾ ਕਰ ਦਿੱਤਾ ਜਾਵੇ ਤੇ ਉਹ ਚੰਦ ਦਿਨਾਂ ਵਿੱਚ ਹੀ ਤੁਹਾਡਾ ਵਿਸ਼ਵਾਸਪਾਤਰ ਬਣ ਜਾਵੇ। ਇਹ ਕਿੰਝ ਸੰਭਵ ਹੋਇਆ ਕਿ ਜੋ ਵਿਸ਼ਵਾਸ ਕੋਈ ਲੰਮੇ ਵਕਤ ਵਿੱਚ ਨਹੀਂ ਬਣਾ ਪਾਇਆ ਉਹ ਕਿਸੇ ਦੂਸਰੇ ਨੇ ਚੰਦ ਦਿਨਾਂ ਵਿੱਚ ਬਣਾ ਲਿਆ?

ਇਸਦਾ ਕਾਰਨ ਇਹੀ ਹੈ ਕਿ ਜੋ ਇਨਸਾਨ ਤੁਹਾਨੂੰ ਲੰਮੇ ਵਕਤ ਤੋਂ ਜਾਣਦਾ ਹੈ ਤੁਸੀਂ ਉਸਨੂੰ ਵਿਸ਼ਵਾਸ ਦੇ ਕਾਬਿਲ ਨਹੀਂ ਸਮਝਿਆ। ਉਸਨੂੰ ਕੋਈ ਮੌਕਾ ਨਹੀਂ ਦਿੱਤਾ। ਹਾਲਾਕਿ ਤੁਹਾਨੂੰ ਉਸ ਨਾਲ ਪੂਰੀ ਅਜ਼ਾਦੀ ਸੀ, ਤੁਹਾਡੇ ਕੋਲ ਵਕਤ ਸੀ, ਤੁਸੀਂ ਉਸ ਨਾਲ ਆਪਣਾ ਮਾੜਾ-ਚੰਗਾ ਸਭ ਸੋਚਦੇ ਹੋਏ ਜਾਂਚਣ-ਪਰਖਣ ਤੋਂ ਬਾਅਦ ਵੀ ਅਸੀਂ ਉਸਨੂੰ ਤਵੱਜੋ ਨਹੀਂ ਦਿੱਤੀ। ਜਾਂਚਣ-ਪਰਖਣ ਪਿੱਛੋਂ ਤੁਸੀਂ ਉਸਨੂੰ ਆਪਣੇ ਲਈ ਆਮ ਹੀ ਸਮਝਿਆ। ਭਾਵੇਂ ਹਰ ਵਕਤ ਵਿੱਚ ਉਹ ਤੁਹਾਡੇ ਨਾਲ ਰਿਹਾ ਪਰ ਤੁਸੀਂ ਭਵਿੱਖ ਨੂੰ ਸੋਚਦੇ ਹੋਏ ਵਿਸ਼ਵਾਸ ਨਾ ਰੱਖਣ ਦਾ ਖੁਦ ਫੈਸਲਾ ਲਿਆ।

ਪਰ ਜਿਸ ਨਾਲ ਤੁਹਾਡਾ ਰਿਸ਼ਤਾ ਹੋਇਆ ਉੱਥੇ ਤੁਹਾਡੀ ਮਰਜੀ ਤਾਂ ਹੁੰਦੀ ਹੈ ਪਰ ਤੁਹਾਡੇ ਕੋਲ ਬਹੁਤਾ ਸੋਚਣ ਦਾ ਵਕਤ ਨਹੀਂ ਹੁੰਦਾ। ਤੁਹਾਨੂੰ ਦੂਸਰਿਆਂ ਦੇ ਆਖੇ ਲੱਗ ਹੀ ਮਜਬੂਰਨ ਰਿਸ਼ਤਾ ਜੋੜਨਾ ਪੈਂਦਾ ਹੈ। ਉੱਥੇ ਫਿਰ ਤੁਹਾਡਾ ਮਨ ਹੋਵੇ ਨਾ ਹੋਵੇ ਤੁਹਾਨੂੰ ਭਰੋਸਾ ਕਰਨਾ ਪੈਂਦਾ ਹੈ। ਕਿਉਂਕਿ ਤੁਹਾਡੇ ਕੋਲ ਵਿਸ਼ਵਾਸ਼ ਰੱਖਣ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਨਹੀਂ ਹੁੰਦਾ। ਤੁਹਾਨੂੰ ਆਪਣੀ ਨਹੀਂ ਬਲਕਿ ਦੂਸਰਿਆਂ ਦੀ ਖੁਸ਼ੀ ਨੂੰ ਮੁੱਖ ਰੱਖ ਮਨ ਨੂੰ ਬੰਨ੍ਹਣਾ ਪੈਂਦਾ ਹੈ। ਫਿਰ ਜਿਸ ਨਾਲ ਰਿਸ਼ਤਾ ਹੋਜੇ, ਨਾ ਚਾਹੁੰਦੇ ਹੋਏ ਵੀ ਉਸਨੂੰ ਵਕਤ ਦੇਂਦੇ ਹਾਂ ਤੇ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਜਿਸ ਕਰਕੇ ਭਰੋਸਾ ਬਣਦਾ ਜਾਂਦਾ ਹੈ। ਫਿਰ ਭਾਵੇਂ ਉਹ ਗਲਤ ਫੈਸਲੇ ਲਵੇ ਜਾਂ ਠੀਕ ਸਾਨੂੰ ਉਸਤੇ ਨਿਰਭਰ ਹੋਣਾ ਪੈਂਦਾ ਹੈ।

ਏਥੇ ਗੱਲ ਹੈ ਕਿ, ਕਿਸੇ ਨੂੰ ਸਮਝ ਹੀ ਵਿਸ਼ਵਾਸ਼ ਬਣਾਇਆ ਜਾ ਸਕਦਾ ਹੈ। ਫਿਰ ਸਮਝਣ ਲਈ ਤੁਹਾਨੂੰ ਮਜਬੂਰ ਹੋਣਾ ਪਵੇ ਜਾਂ ਫਿਰ ਆਪਣੇ ਮਨ ਨੂੰ ਬੰਨ੍ਹਣਾ ਪਵੇ ਜਾਂ ਅਜ਼ਾਦ ਕਰਨਾ ਪਵੇ। ਉਹ ਸਾਡੇ ਤੇ ਨਿਰਭਰ ਕਰਦਾ ਹੈ। ਕਿਸੇ ਨੂੰ ਚੰਗੀ ਤਰ੍ਹਾਂ ਸਮਝਣਾ ਹੀ ਵਿਸ਼ਵਾਸ ਬਣਾਉਣਾ ਜਾਂ ਰੱਖਣਾ ਹੈ। ਕਿਸੇ ਨੂੰ ਸਮਝਣ ਲਈ ਉਸਨੂੰ ਮੌਕਾ ਦੇਣਾ ਜਰੂਰੀ ਹੈ। ਉਹ ਸਾਡੀ ਮਰਜੀ ਤੇ ਨਿਰਭਰ ਕਰਦਾ ਹੈ।"

"ਹਾਂ ਪਰ ਇਹ ਵੀ ਹੋ ਸਕਦਾ ਹੈ ਕਿ ਸਾਨੂੰ ਉਸ ਲੰਮੇ ਵਕਤ ਵਾਲੇ ਇਨਸਾਨ ਨੂੰ ਸਮਝਣ ਵਿੱਚ ਮੁਸ਼ਕਿਲ ਆ ਰਹੀ ਹੋਵੇ। ਮਤਲਬ ਅਸੀਂ ਉਲਝੇ ਹੋਈਏ ਆਪਣੇ ਫੈਸਲੇ ਕਰਨ ਵਿੱਚ। ਫਿਰ ਜਦੋਂ ਸਾਨੂੰ ਕਿਸੇ ਨੂੰ ਸਮਝਣ ਵਿੱਚ ਵਿਸ਼ਵਾਸ ਬਣਾਉਣ ਦੀ ਮੁਸ਼ਕਿਲ ਆ ਰਹੀ ਹੈ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?"

"ਜਦੋਂ ਇਹੋ ਜਿਹੇ ਹਲਾਤ ਬਣ ਜਾਣ ਤਾਂ ਇਸਦਾ ਕਾਰਨ ਇਹੀ ਹੁੰਦਾ ਕਿ ਸਾਡਾ ਮਨ ਉਲਝਣ ਵਿੱਚ ਹੁੰਦਾ ਏ। ਸਾਨੂੰ ਚੀਜ਼ਾਂ ਸਮਝ ਵਿੱਚ ਨਹੀਂ ਆਉਂਦੀਆ। ਉਦੋਂ ਫਿਰ ਸਾਨੂੰ ਆਪਣੇ ਕਿਸੇ ਦੂਸਰੇ ਵਿਸ਼ਵਾਸ ਪਾਤਰ ਇਨਸਾਨ ਦੀ ਸਲਾਹ ਲੈਣੀ ਚਾਹੀਦੀ ਹੈ। ਉਸਨੂੰ ਹਾਲਾਤ ਨੂੰ ਸਮਝ, ਸਾਨੂੰ ਰਾਹ ਦਿਖਾਉਣ ਲਈ ਕਹਿਣਾ ਚਾਹੀਦਾ ਹੈ। ਕਿਉਂਕਿ ਕਈ ਵਾਰ ਬਹੁਤ ਸਾਰੀਆਂ ਚੀਜ਼ਾਂ ਸਾਡੀਆਂ ਅੱਖਾਂ ਤੋਂ ਓਹਲੇ ਰਹਿ ਜਾਂਦੀਆਂ ਨੇ। ਜੋ ਕੋਈ ਹੋਰ ਦੇਖ ਰਿਹਾ ਹੁੰਦਾ ਉਹ ਸਾਨੂੰ ਦਿਖਾਈ ਨਹੀਂ ਦੇਂਦਾ। ਫਿਰ ਸਾਨੂੰ ਆਪਣੇ ਦੂਸਰੇ ਵਿਸ਼ਵਾਸ ਪਾਤਰ ਦੀ ਸਲਾਹ ਨੂੰ ਮੰਨਣਾ ਚਾਹੀਦਾ ਹੈ। ਉਹ ਜੋ ਹਾਲਤ ਨੂੰ ਦੇਖ ਫੈਸਲਾ ਲਵੇਗਾ ਉਸ ਤੇ ਅੱਖਾਂ ਬੰਦ ਕਰ ਯਕੀਨ ਕਰਨਾ ਚਾਹੀਦਾ ਹੈ। ਉਸਤੇ ਵਿਸ਼ਵਾਸ ਰੱਖ ਅੱਗੇ ਵਧਨਾ ਚਾਹੀਦਾ ਹੈ। ਹਾਂ ਹੋ ਸਕਦਾ ਹੈ ਕਿ ਉਹਦਾ ਫੈਸਲਾ ਗਲਤ ਵੀ ਹੋਵੇ ਪਰ ਇਹ ਜਰੂਰੀ ਤਾਂ ਨਹੀਂ ਕਿ ਗਲਤ ਹੀ ਹੋਵੇ। ਉਹ ਸਹੀ ਵੀ ਹੋ ਸਕਦਾ ਹੈ। ਨਿਰਭਰ ਤਾਂ ਕਰਦਾ ਹੈ ਕਿ ਸਾਨੂੰ ਆਪਣੇ ਵਿਸ਼ਵਾਸ ਪਾਤਰ ਦੀ ਮੰਨ ਹੀ ਦੂਸਰੇ ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਬਹੁਤ ਵਾਰ ਇੰਝ ਹੁੰਦਾ ਕਿ ਸਾਨੂੰ ਆਪਣੇ ਮਨ ਦੀ ਮੰਨਣ ਨਾਲੋਂ ਦੂਸਰੇ ਦੀ ਮੰਨਣ ਵਿੱਚ ਹੀ ਸਹੀ ਰਾਹ ਨਜ਼ਰ ਆਉਂਦਾ ਹੈ। ਸਾਡਾ ਮਨ ਉਲਝਣ ਵਿੱਚ ਹੋਣ ਕਰਕੇ ਸਹੀ ਚੋਣ ਨਹੀਂ ਕਰ ਪਾਉਂਦਾ।

ਕੀ ਹੁੰਦਾ ਕਿ ਸਾਡਾ ਮਨ ਸਾਨੂੰ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਅਗਾਹ ਕਰਦਾ ਹੈ। ਜਿਸ ਕਾਰਨ ਮਨ ਵਿੱਚ ਉਲਝਣ ਹੁੰਦੀ ਹੈ। ਕਿਉਂਕਿ ਸਾਡਾ ਧਿਆਨ ਮੁਸ਼ਕਿਲਾਂ ਦੇ ਹੱਲਾਂ ਵੱਲ ਘੱਟ ਤੇ ਮੁਸ਼ਕਿਲਾਂ ਵੱਲ ਵਧੇਰੇ ਹੁੰਦਾ ਹੈ। ਫਿਰ ਸਾਨੂੰ ਸਹੀ ਵਿਸ਼ਵਾਸਪਾਤਰ ਹੀ ਸਾਨੂੰ ਸਹੀ ਰਾਹ ਦਿਖਾ ਸਕਦਾ ਹੈ। ਕਿਉਂਕਿ ਅਸੀਂ ਜਾਣਦੇ ਹਾਂ ਤੇ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਰਾਹ ਦਿਖਾਉਣ ਵਾਲਾ ਸਾਡੇ ਚੰਗੇ-ਮਾੜੇ ਬਾਰੇ ਸੋਚ ਹੀ ਸਾਨੂੰ ਸਹੀ ਰਾਹ ਦਿਖਾਵੇਗਾ। ਉਹ ਅਜਿਹਾ ਕੋਈ ਫੈਸਲਾ ਨਹੀਂ ਲਵੇਗਾ ਜਿਸ ਨਾਲ ਸਾਨੂੰ ਤਕਲੀਫ ਹੋਵੇ ਜਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇ। ਫਿਰ ਸਾਨੂੰ ਸਭ ਚੀਜਾਂ ਨੂੰ ਨਜ਼ਰਅੰਦਾਜ਼ ਕਰ ਬਸ ਅੱਗੇ ਵਧਣਾ ਚਾਹੀਦਾ ਹੈ। ਫਿਰ ਅਸੀਂ ਭਾਵੇਂ ਸਹੀ ਰਾਹ ਹੋਈਏ ਜਾਂ ਗਲਤ ਅਸੀਂ ਦੋਸ਼ੀ ਨਹੀਂ ਕਹਾਵਾਂਗੇ।"

ਉਹ ਲਗਾਤਾਰ ਬੋਲਦੀ ਹੋਈ ਚੁੱਪ ਹੋ ਗਈ। ਮੈਂ ਬਸ ਉਸਦੇ ਹਾਵਾਂ-ਭਾਵਾਂ ਨੂੰ ਦੇਖਦਾ ਉਸਦੇ ਜੁਆਬ ਨੂੰ ਸਮਝ ਰਿਹਾ ਸੀ। ਉਸਨੇ ਬੜੇ ਹੀ ਸਰਲ ਤਰੀਕੇ ਨਾਲ ਵਿਸ਼ਵਾਸ ਦੀ ਪੂਰੀ ਗੱਲ ਮੇਰੇ ਖਾਨੇ ਵਿੱਚ ਬਿਠਾ ਦਿੱਤੀ ਸੀ। ਮੈਨੂੰ ਲੱਗ ਰਿਹਾ ਸੀ ਜਿਵੇਂ ਮੇਰੇ ਸਵਾਲ ਦਾ ਅੰਤ ਹੋ ਗਿਆ ਹੋਵੇ। ਇਸ ਲਈ ਮੈਂ ਕੁਝ ਦੇਰ ਲਈ ਚੁੱਪ ਹੋ ਗਿਆ ਤੇ

ਵਗਦੇ ਪਾਣੀ ਨੂੰ ਦੇਖਣ ਲੱਗਾ। ਉਸਦੀ ਗੱਲ ਵਿੱਚ ਮੈਂ ਇੱਕ ਵੱਖਰੇ ਸ਼ਬਦ ਨੂੰ ਭਾਂਪਿਆ ਅਤੇ ਉਸ ਬਾਰੇ ਮਨ ਵਿੱਚ ਸੋਚ ਆਈ।

ਮੇਰੇ ਮਨ 'ਚ ਸਵਾਲ ਉੱਠਿਆ ਕੀ ਮੈਂ ਦੋਸ਼ੀ ਤਾਂ ਨਹੀਂ ਉਸ ਬਾਰੇ ਜੋ ਅੱਜ ਸੁਪਨਾ ਦੇਖਿਆ। ਇੱਛਾ ਹੋਈ ਕਿ ਇਹ ਵੀ ਜਾਣ ਹੀ ਲਵਾਂ ਕਿ ਮੈਂ ਦੋਸ਼ੀ ਹਾਂ ਜਾਂ ਨਿਰਦੋਸ਼? ਮੈਂ ਬੋਲਿਆ...

"ਇੱਕ ਸਵਾਲ ਪੁੱਛ ਲਵਾਂ ਕੁਝ ਜਿਸਮਾਨੀ ਤਲੂਕਾਤ ਬਾਰੇ?"

"ਪੁੱਛ ਲਵੋ ਪਰ ਇਹ ਆਖਰੀ ਸਵਾਲ ਹੋਵੇਗਾ। ਵਕਤ ਬਹੁਤ ਹੋ ਗਿਆ ਹੈ। ਤੁਸੀਂ ਘਰ ਵੀ ਜਾਣਾ ਹੈ।"

"ਕਿਉਂ ਤੁਸੀਂ ਨਹੀਂ ਘਰ ਜਾਣਾ?"

ਉਸਨੇ ਹੱਸਦੇ ਹੋਏ ਆਖਿਆ...

"ਰੱਬ ਨੂੰ ਘਰ ਦੀ ਲੋੜ ਹੈ ਭਲਾ? ਰੱਬ ਦਾ ਤਾਂ ਹਰ ਥਾਂ ਟਿਕਾਣਾ ਹੈ।"

ਉਸਨੇ ਮੈਨੂੰ ਫਿਰ ਤੋਂ ਚੁੱਪ ਕਰਵਾ ਦਿੱਤਾ। ਉਸਦੇ ਜੁਆਬ ਪਿੱਛੋਂ ਮੇਰੇ ਸਵਾਲਾਂ ਨੂੰ ਦੰਦਲ ਹੀ ਪੈ ਜਾਂਦੀ ਸੀ। ਮੈਂ ਆਪਣੇ ਸਵਾਲ ਵੱਲ ਰੁੱਖ ਕੀਤਾ ਅਤੇ ਬੋਲਿਆ...

"ਮੈਨੂੰ ਅੱਜ ਇੱਕ ਸੁਪਨਾ ਆਇਆ। ਕੁਝ ਜਿਸਮਾਨੀ ਤਾਲੂਕਾਤ ਵਾਲਾ ਹੀ। ਕੀ ਮੈਂ ਦੋਸ਼ੀ ਹੋਇਆ?"

"ਇਹ ਸਵਾਲ ਮੇਰੇ ਨਾਲੋਂ ਚੰਗਾ ਆਪਣੇ ਮਹਿਬੂਬ ਨੂੰ ਪੁੱਛੋ। ਕੀ ਉਸਦੀ ਇੱਛਾ ਸੀ?"

"ਪਰ ਇਹ ਤਾਂ ਬਸ ਇੱਕ ਸੁਪਨਾ ਸੀ। ਉਸਨੂੰ ਇਸ ਬਾਰੇ ਸਵਾਲ ਕਿਵੇਂ ਕਰ ਸਕਦਾ? ਨਾਲੇ ਉਹ ਮੇਰੇ ਤੋਂ ਬਹੁਤ ਦੂਰ ਏ। ਸਵਾਲ ਨਹੀਂ ਪੁੱਛ ਸਕਦਾ।"

"ਸੁਪਨਾ ਵੀ ਹਕੀਕਤ ਦਾ ਇੱਕ ਅੰਗ ਹੁੰਦੇ ਨੇ। ਹਕੀਕਤ ਦੇ ਪ੍ਰਭਾਵ ਤੋਂ ਹੀ ਮਨ ਸੁਪਨੇ ਘੜਦਾ ਹੈ। ਤੁਸੀਂ ਦੋਸ਼ੀ ਹੋ ਜਾਂ ਨਹੀਂ ਇਹ ਸਵਾਲ ਖੁਦ ਨੂੰ ਪੁੱਛੋ। ਉਹਨਾਂ ਤੱਕ ਪਹੁੰਚ ਜਾਣਗੇ।"

ਅਸੀਂ ਆਪਣੀਆਂ ਗੱਲਾਂ ਵਿੱਚ ਏਨੇ ਮਸਤ ਹੋ ਗਏ ਕਿ ਸੂਰਜ ਇੱਕ ਦਮ ਢਲ ਗਿਆ ਪ੍ਰਤੀਤ ਹੋਇਆ। ਮੈਨੂੰ ਵਕਤ ਦੇਖਣ ਦਾ ਖਿਆਲ ਆਇਆ ਤਾਂ ਇੱਕ ਦਮ ਜੇਬ ਚੋਂ ਫੂਨ ਕੱਢ ਸਮਾਂ ਵੇਖਿਆ। ਸੱਤ ਵੱਜਣ ਵਾਲੇ ਸਨ। ਪਤਾ ਹੀ ਨਾ ਲੱਗਾ ਕਦ ਵਕਤ ਲੰਘ ਗਿਆ।

ਮੈਂ ਉੱਠਿਆ ਅਤੇ ਬੋਲਿਆ..

"ਅੱਜ ਛੇਤੀ ਹੀ ਹਨੇਰਾ ਹੋ ਗਿਆ। ਵਕਤ ਦਾ ਤਾਂ ਪਤਾ ਹੀ ਨਹੀਂ ਲੱਗਾ ਛੇਤੀ ਹੀ ਲੰਘ ਗਿਆ।"

"ਵਕਤ ਆਪਣੀ ਚਾਲ ਤੇ ਹੀ ਹੈ ਜਨਾਬ। ਬਸ ਤੁਸੀਂ ਹੀ ਵਕਤ ਦੀ ਦਰਕਾਰ ਨੂੰ ਨਹੀਂ ਸਮਝ ਪਾਏ।"

ਉਸਨੇ ਉੱਠਦੇ ਅਤੇ ਹੱਸਦੇ ਹੋਏ ਆਖਿਆ।

ਉਸਦੇ ਹਰ ਜੁਆਬ ਮੈਨੂੰ ਅੰਦਰੋਂ ਨਿਚੋੜ ਕੇ ਰੱਖ ਰਹੇ ਸਨ। ਮੈਂ ਉਸਨੂੰ ਖੜ੍ਹੀ ਨੂੰ ਨਿਹਾਰਨ ਲੱਗਾ। ਉਸਦੀ ਪ੍ਰਤੱਖ ਦਿਖ ਰਹੀ ਸੁੰਦਰਤਾ ਮੈਨੂੰ ਉਸ ਵੱਲ ਨਜ਼ਰ ਭਰ ਕੇ ਤੱਕਣ ਲਈ ਮਜਬੂਰ ਕਰ ਰਹੀ ਸੀ। ਉਸਦੇ ਹੁਸਨ ਨੂੰ ਬਿਆਨ ਕਰਨਾ ਮੇਰੇ ਵੱਸ ਵਿੱਚ ਨਹੀਂ ਸੀ। ਗਲ ਪੀਲੇ ਅਤੇ ਸਰਦਈ ਰੰਗ ਦਾ ਪਲਾਜੋ ਸੂਟ। ਪੀਲੇ ਰੰਗ ਦਾ ਕਮੀਜ਼ ਅਤੇ ਸਰਦਈ ਰੰਗ ਦਾ ਪਲਾਜੋ। ਕਮੀਜ਼ ਦੇ ਉਪਰਲੇ ਹਿੱਸੇ ਵਿੱਚ ਸਰਦਈ ਅਤੇ ਪੀਲੇ ਰੰਗ ਦੇ ਧਾਗੇ ਨਾਲ ਕਢਾਈ ਕਰ ਇੱਕ ਮੋਰ ਬਣਾਇਆ ਹੋਇਆ ਸੀ। ਕਮੀਜ਼ ਦਾ ਘੇਰਾ ਵੀ ਸਰਦਈ ਰੰਗ ਦਾ ਸੀ। ਪਲਾਜੋ ਸਾਦਾ ਸੀ। ਗਲ ਥੋੜੇ ਜਿਹੇ ਹਰੇ ਅਤੇ ਬਹੁਤੇ ਸਰਦਈ ਰੰਗ ਦੇ ਮੇਲ ਨਾਲ ਪੀਲੇ ਰੰਗ ਦੀ ਕਿਨਾਰੀ ਵਾਲੀ ਚੁੰਨੀ ਸੀ। ਕੱਦ ਬਹੁਤਾ ਉੱਚਾ ਨਹੀਂ ਸੀ ਮੇਰੇ ਤੋਂ ਨੀਵੀਂ ਲੱਗੀ ਮੈਨੂੰ। ਖੁੱਲਿਆਂ ਵਾਲਾਂ ਕਾਰਨ ਮੈਂ ਹੋਰ ਆਕ੍ਰਸ਼ਿਤ ਹੋ ਗਿਆ। ਚਿਹਰੇ ਦੀ ਮਾਸੂਮੀਅਤ ਸਚਮੁੱਚ ਹੀ ਉਸਨੂੰ ਰੱਬ ਦਾ ਰੂਪ ਦੱਸਦੀ ਜਾ ਰਹੀ ਸੀ। ਉਹ ਮੈਨੂੰ ਉਸ ਵੱਲ ਤੱਕਦਾ ਵੇਖ ਮੁਸਕਰਾਈ ਅਤੇ ਬੋਲੀ...

"ਅੱਖ ਟਿਕਾਈ ਨਹੀਂ ਜਾਂਦੀ ਤੇ ਗੱਲਾਂ ਸਬਰ ਦੀਆਂ ਕਰਦੇ ਹੋ।"

ਮੈਂ ਫਿਰ ਤੋਂ ਸ਼ਰਮਸਾਰ ਹੋ ਗਿਆ। ਉਸ ਕੋਲ ਸਿੱਧਾ ਜੁਆਬ ਸੀ ਮੇਰੀਆਂ ਹਰਕਤਾਂ, ਮੇਰਿਆਂ ਸਵਾਲਾਂ ਦੇ। ਸਵਾਲ-ਜੁਆਬ ਕਰਨ ਵਿੱਚ ਮੈਨੂੰ ਉਹ ਕੋਈ

ਮਾਹਰ ਪ੍ਰਤੀਤ ਹੁੰਦੀ ਸੀ। ਜਿਸ ਦੇ ਕੋਲ ਮੇਰੇ ਹਰ ਸਵਾਲ ਦਾ ਜੁਆਬ ਸੀ। ਮੇਰੇ ਖਿਆਲ ਵਿੱਚ ਫਿਰ ਤੋਂ ਸਵਾਲ ਆਇਆ ਅਤੇ ਮੈਂ ਪੁੱਛਿਆ...

"ਕੀ ਇੱਕ ਇਨਸਾਨ ਦੋ ਇਨਸਾਨਾਂ ਪ੍ਰਤੀ ਇੱਕੋ ਜਿਹਾ ਪਿਆਰ ਰੱਖ ਸਕਦਾ ਹੈ?"

"ਤੁਹਾਡੇ ਸਵਾਲ ਨਹੀਂ ਮੁੱਕਣੇ। ਪਰ ਵਕਤ ਮੁੱਕ ਜਾਣਾ। ਨਾਲੇ ਜਿੰਨ੍ਹਾਂ ਸਵਾਲਾਂ ਦੇ ਜੁਆਬ ਤੁਹਾਨੂੰ ਪਤਾ ਹੁੰਦੇ ਉਹ ਨਾ ਪੁੱਛੋ ਤਾਂ ਬਹਿਤਰ ਏ।"

"ਨਹੀਂ ਮੇਰੇ ਕੋਲ ਇਸ ਸਵਾਲ ਦਾ ਜੁਆਬ ਹੈਨੀ। ਹੋ ਸਕਦਾ ਹੋਵੇ, ਪਰ ਮੈਂ ਸਪਸ਼ਟ ਜੁਆਬ ਦੀ ਭਾਲ ਵਿੱਚ ਹਾਂ।"

"ਹੁਣ ਵਕਤ ਕਾਫੀ ਹੋ ਗਿਆ ਫਿਰ ਸਹੀ ਕਦੇ ਅਗਰ ਮਿਲੇ ਤਾਂ।"

"ਤੁਸੀਂ ਚੱਲਦੇ-ਚੱਲਦੇ ਜੁਆਬ ਦੇ ਸਕਦੇ ਹੋ। ਆਪਾਂ ਨੂੰ 5-7 ਮਿੰਟ ਤਾਂ ਲੱਗ ਹੀ ਜਾਣੇ ਆਪਣੇ ਰਾਹਾਂ ਨੂੰ ਜਾਂਦਿਆਂ।"

"ਤੁਸੀਂ ਤਾਂ ਚਾਹੁੰਦੇ ਹਰ ਸਵਾਲ ਦਾ ਜੁਆਬ ਮਿਲੇ। ਜੇ ਜੁਆਬ ਲੈਣੇ ਏਨੇ ਹੀ ਅਸਾਨ ਹੁੰਦੇ ਫਿਰ ਜ਼ਿੰਦਗੀ ਸੌਖੀ ਨਾ ਹੋ ਜਾਂਦੀ?"

ਅਸੀਂ ਦੋਨੋਂ ਚੱਲ ਰਹੇ ਸੀ। ਮੈਂ ਆਪਣੇ ਸਵਾਲ ਦੇ ਜੁਆਬ ਲਈ ਉਸਦੇ ਹਾੜੇ ਕੱਢ ਰਿਹਾ ਸੀ। ਪਰ ਉਹ ਇੰਝ ਕਰ ਰਹੀ ਸੀ ਜਿਵੇਂ ਉਹ ਜੁਆਬ ਦੇਣਾ ਨਾ ਚਾਹੁੰਦੀ ਹੋਵੇ। ਮੈਂ ਫਿਰ ਤੋਂ ਆਖਿਆ..

"ਬਸ ਆਹ ਆਖਰੀ ਸਵਾਲ ਦਾ ਜੁਆਬ ਦੇਦੋ।"

"ਜੁਆਬ ਮੇਰੇ ਤੋਂ ਨਹੀਂ ਉਹਨਾਂ ਤੋਂ ਪੁੱਛੋਂ ਜੋ ਇੱਕ ਇਨਸਾਨ ਦਾ ਅਸਲ ਜਾਣਨ ਤੇ ਵੀ ਉਹਨਾਂ ਦਾ ਇਸ਼ਕ ਤੁਹਾਡੇ ਪ੍ਰਤੀ ਘੱਟ ਨਹੀਂ ਹੋਇਆ। ਵੈਸੇ ਬਹੁਤ ਘੱਟ ਸੰਭਵ ਹੈ ਇੱਕ ਔਰਤ ਦਾ ਦੋ ਮਰਦਾਂ ਪ੍ਰਤੀ ਸਮਾਨ ਪਿਆਰ ਜਾਂ ਇੱਕ ਮਰਦ ਦਾ ਦੋ ਔਰਤਾਂ ਪ੍ਰਤੀ ਸਮਾਨ ਪਿਆਰ। ਹਾਂ ਵਕਤ ਦੀ ਚੋਟ ਹੇਠ ਪਿਆਰ ਘੱਟ-ਵੱਧ ਸਕਦਾ ਹੈ ਜਾਂ ਫਿਰ ਇੱਕ ਪ੍ਰਤੀ ਖਤਮ ਵੀ ਹੋ ਸਕਦ ਹੈ। ਅਜਿਹਾ ਸਦਾ ਨਹੀਂ ਰਹਿੰਦਾ ਕਿ ਦੋਨਾਂ ਪ੍ਰਤੀ ਹਰ ਵਕਤ ਪਿਆਰ ਸਮਾਨ ਰਹੇ। ਵਕਤ ਜਾਂ ਹਲਾਤਾਂ ਦੇ ਬਦਲਾਵ ਹੇਠ ਪਿਆਰ ਵਿੱਚ ਭਰਮਾਰ ਜਾਂ ਗਿਰਾਵਟ ਆਉਂਦੀ ਰਹਿੰਦੀ ਏ।"

"ਪਰ ਪਿਆਰ ਤਾਂ ਪਿਆਰ ਹੈ ਉਹ ਘੱਟ-ਵੱਧ ਕਿਵੇਂ ਸਕਦਾ?"

"ਬਸ ਬਸ ਹੁਣ ਹੋਰ ਸਵਾਲ ਨਹੀਂ। ਮੈਂ ਚੱਲਦੀ ਹਾਂ ਹੁਣ ਵਕਤ ਕਾਫੀ ਹੋ ਗਿਆ। ਫਿਰ ਕਦੇ ਮਿਲਾਂਗੇ ਅਗਰ ਲੋੜ ਪਈ ਤਾਂ।"

ਇਸ ਤੋਂ ਪਹਿਲਾਂ ਕਿ ਮੈਂ ਕੁਝ ਆਖਦਾ ਉਸਨੇ ਅਲਵਿਦਾ ਕਿਹਾ ਅਤੇ ਆਪਣੀ ਚਾਲ ਤੇਜ ਕਰ ਪਲਾਂ ਵਿੱਚ ਮੇਰੇ ਤੋਂ ਦੂਰ ਨਿਕਲ ਗਈ। ਪਤਾ ਹੀ ਨਾ ਲੱਗਾ ਕਦ ਅੱਖਾਂ ਤੋਂ ਓਹਲੇ ਹੋ ਗਈ। ਇੱਕ ਦਮ ਅਲੋਪ। ਮੈਂ ਆਪਣੇ ਮੋਟਰਸਾਇਕਲ ਕੋਲ ਖੜਾ ਸੀ। ਮੈਂ ਕੁਝ ਦੇਰ ਉਸ ਬਾਰੇ ਸੋਚਿਆ ਅਤੇ ਫਿਰ ਘਰ ਵੱਲ ਨੂੰ ਰੁੱਖ ਕੀਤਾ। ਘਰ ਪਹੁੰਚ ਮੈਂ ਰੋਟੀ ਪਾਣੀ ਖਾਧਾ ਅਤੇ ਉਸ ਕੁੜੀ ਨਾਲ ਹੋਈਆਂ ਗੱਲਾਂ ਉੱਤੇ ਬੜਾ ਗੌਰ ਕੀਤਾ। ਉਸਦੀਆਂ ਗੱਲਾਂ ਮੇਰੇ ਧੁਰ ਤੱਕ ਵਾਸ ਕਰ ਚੁੱਕੀਆਂ ਸਨ। ਉਸ ਤੋਂ ਪਿੱਛੋਂ ਮੈਂ ਅਗਲੇ ਦੋ-ਤਿੰਨ ਦਿਨ ਲਗਾਤਾਰ ਦਰਿਆ ਵੱਲ ਜਾਂਦਾ ਰਿਹਾ ਪਰ ਉਹ ਕਿਤੇ ਵੀ ਦਿਖਾਈ ਨਾ ਦਿੱਤੀ। ਮੈਂ ਲੰਮਾ ਸਮਾਂ ਉਡੀਕ ਕਰਦਾ ਪਰ ਉਸਦੇ ਕਹਿਣ ਮੁਤਾਬਿਕ ਸ਼ਾਇਦ ਅਜੇ ਵਕਤ ਨਹੀਂ ਸੀ ਹੋਇਆ ਮੁਲਾਕਾਤ ਦਾ। ਮੇਰੇ ਕੁਝ ਸਵਾਲਾਂ ਦੇ ਜੁਆਬ ਤਾਂ ਜਰੂਰ ਮਿਲੇ ਪਰ। ਬਹੁਤੇ ਸਵਾਲ ਅਜੇ ਵੀ ਸਹੀ ਜੁਆਬ ਲੱਭ ਰਹੇ ਹਨ। ਨਹੀਂ ਜਾਣਦਾ ਇਹਨਾਂ ਦੇ ਜੁਆਬ ਲੈਣ ਲਈ ਮੈਨੂੰ ਕਿੰਨਾ ਕੁ ਵਕਤ ਸਬਰ ਰੱਖਣਾ ਪਵੇਗਾ।

ਕੀ ਨਸੀਬੋ ਸੱਚੀ ਰੱਬ ਤਾਂ ਨਹੀਂ ਸੀ। ਕਿਵੇਂ ਉਹ ਮੇਰੇ ਮਨ ਦੀਆਂ ਕੜੀਆਂ ਨੂੰ ਇੱਕ-ਇੱਕ ਕਰ ਜੋੜ ਰਹੀ ਸੀ। ਉਸ ਕੋਲ ਹਰ ਸਵਾਲ ਦਾ ਜੁਆਬ ਕਿਵੇਂ ਸਪਸ਼ਟ ਰੂਪ ਵਿੱਚ ਸੀ। ਉਸਨੇ ਕੁਝ ਜੁਆਬ ਤਾਂ ਜਰੂਰ ਦਿੱਤੇ ਪਰ ਬਹੁਤ ਸਾਰੇ ਸਵਾਲ ਖੜੇ ਵੀ ਕਰ ਗਈ। ਪਤਾ ਨਹੀਂ ਇਹਨਾਂ ਸਵਾਲਾਂ ਦੇ ਜੁਆਬ ਕਦੇ ਮਿਲਣਗੇ ਵੀ ਜਾਂ ਨਹੀਂ। ਇੱਕ ਗੱਲ ਤਾਂ ਜਰੂਰ ਸੀ ਨਸੀਬੋ ਸੱਚ-ਮੁੱਚ ਹੀ ਨਸੀਬ ਬਦਲਣ ਆਈ ਸੀ। ਜਿਸਦੇ ਆਗਮਨ ਨਾਲ ਮਨ ਉੱਤੇ ਪਏ ਬਹੁਤ ਸਾਰੇ ਬੋਝਾਂ ਨੂੰ ਰਾਹਤ ਮਿਲੀ ਅਤੇ ਮਨ ਤਨਾਵ ਦੇ ਪ੍ਰਭਾਵ ਤੋਂ ਮੁਕਤ ਹੋ ਸ਼ਾਂਤ ਜਿਹਾ ਮਹਿਸੂਸ ਕਰਨ ਲੱਗਾ। ਪਰ ਸਵਾਲ ਇਹ ਹੈ ਕਿ ਕਦ ਤੱਕ? ਮੈਨੂੰ ਸਮਝ ਨਹੀਂ ਕਿ ਨਸੀਬੋ ਕਦੇ ਮਿਲੇਗੀ ਵੀ ਜਾਂ ਨਹੀਂ। ਖੈਰ ਇਹ ਨਸੀਬੋ ਜਾਣਦੀ ਏ ਜਾਂ ਫਿਰ ਰੱਬ।

**ਅਗਰ ਤੁਸੀਂ ਇਸ ਕਹਾਣੀ ਨੂੰ ਪੂਰਾ ਪੜ੍ਹਨ ਦੇ ਅਤੇ ਹੋਰ ਅਣਗਿਣਤ ਸਵਾਲਾਂ ਦੇ ਜੁਆਬ ਜਾਣਨ ਦੇ ਚਾਹਵਾਨ ਹੋ ਤਾਂ ਤੁਸੀਂ ਇਸ ਕਿਤਾਬ ਦਾ ਮੁੱਲ ਦੇ ਦਿੱਤੇ ਨੰਬਰ 'ਤੇ ਵੱਟਸਐੱਪ ਕਰ ਆਰਡਰ ਕਰਕੇ ਮੰਗਵਾ ਸਕਦੇ ਹੋ।**

**ਕਿਤਾਬ ਡਾਕ ਰਾਹੀਂ ਤੁਹਾਡੇ ਘਰ ਭੇਜ ਦਿੱਤੀ ਜਾਵੇਗੀ।**

**+91 97793 24826**

**Instagram : @preetsinghbhaini**

**E-Mail : preetsinghbhaini@gmail.com**

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com





ਉਸਨੇ ਮੈਨੂੰ ਉਸ ਵੱਲ ਤੱਕਦਾ ਵੇਖ ਮੁੱਖ ਉੱਤੇ ਮੁਸਕਾਨ ਲਿਆਂਦੀ ਤਾਂ ਮੇਰਾ ਧਿਆਨ ਬੁੱਲ੍ਹੀਆਂ ਤੋਂ ਟੁੱਟਦਾ ਹੋਇਆ ਉਸਦੀਆਂ ਖੰਡ ਦੇ ਖਿਡਾਉਣਿਆਂ ਵਰਗੀਆਂ ਕੋਮਲ, ਚਾਸ਼ਨੀ ਨਾਲ ਭਰੀਆਂ, ਗੁਲਾਬੀ ਰੰਗ ਦੀਆਂ ਗੱਲ੍ਹਾਂ ਉੱਤੇ ਜਾ ਪਹੁੰਚਿਆ। ਮੇਰੀ ਸੁਰਤ ਨੂੰ ਜਿਵੇਂ ਟੇਕ ਮਿਲ ਗਈ ਹੋਵੇ। ਚਿੱਟੇ ਦੁੱਧ ਜਿਹਾ ਰੱਬ ਹੱਸਦੇ ਸਾਰ ਹੀ ਗੁਲਾਬੀ ਰੰਗ ਦੇ ਗੁਲਾਬ ਵਾਂਗ ਖਿੜ ਰਿਹਾ ਸੀ। ਉਸਨੇ ਆਪਣੀ ਗੁੱਤ ਨੂੰ ਹੱਥਾਂ ਨਾਲ ਅੱਗੇ ਕੀਤਾ ਤਾਂ ਲੰਮੇ ਕਾਲੇ ਵਾਲਾਂ ਵੱਲ ਵੇਖ ਮੈਨੂੰ ਆਪਣੇ ਕਾਲੇ ਰੰਗ ਦੀ ਫਿਕਰ ਹੋਣ ਲੱਗੀ ਕਿ.. "ਇਹ ਤਾਂ ਦੁੱਧ ਵਰਗੀ ਏ ਤੇ ਤੂੰ ਲਵ ਸਿਆਂ ਇਹਦੇ ਵਾਲਾਂ ਵਰਗਾ ਵੀ ਨਹੀਂ।" ਹਾਸਾ ਜਿਹਾ ਆਇਆ ਖੁਦ ਉੱਤੇ।

Caliber Publication
Patiala (Punjab) 148002
Mob. 98154-48958
E-mail. caliberpublication@gmail.com